



# 2021/22 VCH ਇੰਪੈਕਟ ਰਿਪੋਰਟ, ਇਸ ਅਸਾਧਾਰਣ ਸਮੇਂ ਦੌਰਾਨ ਸਿਹਤ-ਸੰਭਾਲ ਵਰਕਰਾਂ ਦੀ ਅਹਿਮ ਭੂਮਿਕਾ ਨੂੰ ਉਚੇਚੇ ਤੌਰ ‘ਤੇ ਪੇਸ਼ ਕਰਦੀ ਹੈ।

ਇਹ ਰਿਪੋਰਟ ਖ਼ਾਸ ਤੌਰ ‘ਤੇ ਸਾਡੇ ਪ੍ਰੋਗਰਾਮਾਂ ਅਤੇ ਉੱਦਮਾਂ ਬਾਰੇ ਦੱਸਦੀ ਹੈ, ਸਾਡੀਆਂ ਕਦਰਾਂ-ਕੀਮਤਾਂ ਦੀ ਤਾਕਤ ‘ਤੇ ਜ਼ੋਰ ਦਿੰਦੀ ਹੈ ਅਤੇ ਅਸਾਧਾਰਣ ਸੰਭਾਲ ਦੇਣ ਵਾਲ਼ੀ ਸਾਡੀ ਵਚਨਬੱਧਤਾ ਨੂੰ ਦਰਸਾਉਂਦੀ ਹੈ।

**ਅਸੀਂ ਮੰਨਦੇ ਹਾਂ ਕਿ ਸਾਡੀਆਂ ਕੰਮ ਵਾਲ਼ੀਆਂ ਥਾਂਵਾਂ ਅਤੇ ਵੈਨਕੂਵਰ ਕੋਸਟਲ ਹੈਲਥ (Vancouver Coastal Health, VCH) ਸਹੂਲਤਾਂ 14 ਫ਼ਸਟ ਨੇਸ਼ਨਸ ਦੇ ਇਹਨਾਂ ਭਾਈਚਾਰਿਆਂ ਦੀ ਰਵਾਇਤੀ ਜੱਦੀ ਵਤਨ 'ਤੇ ਕੰਮ ਕਰਦੀਆਂ ਹਨ: Heiltsuk, Kitasoo-Xai'xais, Lil'wat, Musqueam, N'Quatqua, Nuxalk, Samahquam, shíshálh, Skatin, Squamish, Tla'amin, Tsleil-Waututh, Wuikinuxv Xa'xtsa। ਅਸੀਂ ਇਹਨਾਂ ਇਲਾਕਿਆਂ ਵਿੱਚ ਸਿਹਤ-ਸੰਭਾਲ ਸੇਵਾਵਾਂ ਦੇਣ ਅਤੇ ਮੂਲ ਨਿਵਾਸੀਆਂ ਦੀ ਸਭਿਆਚਾਰਕ ਤੌਰ 'ਤੇ ਸੁਰੱਖਿਅਤ ਦੇਖਭਾਲ ਵਿੱਚ ਮਦਦ ਕਰਨ ਵਾਸਤੇ ਭਾਈਵਾਲ ਬਣਨ ਲਈ ਸ਼ੁਕਰਗੁਜ਼ਾਰ ਹਾਂ।**






# ਅਸੀਂ ਮੰਨਦੇ ਹਾਂ

ਵੀ ਸੀ ਐਚ (VCH) ਵਿਚਲੇ ਲੋਕ, ਭਾਈਚਾਰਿਆਂ ਵਿਚਲੇ ਦਸ ਲੱਖ ਤੋਂ ਵੱਧ ਲੋਕਾਂ ਨੂੰ ਭਾਈਚਾਰੇ, ਹਸਪਤਾਲ ਅਤੇ ਲੰਮੀ-ਮਿਆਦ ਦੀਆਂ ਸੇਵਾਵਾਂ ਦਿੰਦੇ ਹਨ, ਇਸ ਵਿੱਚ ਰਿਚਮੰਡ, BC (Richmond, BC), ਵੈਨਕੂਵਰ, BC (Vancouver, BC), ਨੌਰਥ ਸ਼ੋਅਰ (North Shore, BC), ਸੀ-ਟੂ-ਸਕਾਈ ਕਾਰੀਡੋਰ (Sea-to-Sky Corridor, BC), ਸਨਸ਼ਾਈਨ ਕੋਸਟ (Sunshine Coast, BC), ਪਾਵੈਲ ਰਿਵਰ (Powell River, BC), ਬੈਲਾ ਬੈਲਾ (Bella Bella, BC) ਅਤੇ ਬੈਲਾ ਕੂਲਾ (Bella Coola, BC) ਸ਼ਾਮਿਲ ਹਨ। ਅਸੀਂ ਪੂਰੇ B.C. ਵਿਚਲੇ ਲੋਕਾਂ ਲਈ ਮਾਹਿਰਾਨਾ ਦੇਖਭਾਲ ਅਤੇ ਸੇਵਾਵਾਂ ਵੀ ਮੁਹੱਈਆ ਕਰਦੇ ਹਾਂ ਅਤੇ ਸਿਹਤ-ਸੰਭਾਲ ਸਿੱਖਿਆ ਅਤੇ ਖੋਜ ਦੇ ਸੂਬੇ ਦੇ ਸੈਂਟਰ ਵਜੋਂ ਸੇਵਾ ਦਿੰਦੇ ਹਾਂ।



**ਡਾਕਟਰ** Penny Bellam
ਵੈਨਕੂਵਰ ਕੋਸਟਲ ਹੈਲਥ ਬੋਰਡ ਦੇ ਚੇਅਰਪਰਸਨ

# ਵੈਨਕੂਵਰ ਕੋਸਟਲ ਹੈਲਥ ਬੋਰਡ ਦੇ ਚੇਅਰਪਰਸਨ ਦਾ ਸੁਨੇਹਾ

ਇਹ ਇੱਕ ਵੰਗਾਰ ਵਾਲ਼ਾ ਸਾਲ ਰਿਹਾ ਹੈ ਅਤੇ ਵੀ ਸੀ ਐਚ (VCH) ਵਿਖੇ ਸਾਡੀਆਂ ਟੀਮਾਂ ਸੂਬੇ ਭਰ ਵਿਚਲੇ 1.25 ਮਿਲੀਅਨ ਤੋਂ ਵੱਧ ਲੋਕਾਂ ਨੂੰ ਸੁਰੱਖਿਅਤ, ਕੁਆਲਟੀ ਵਾਲ਼ੀ ਸਿਹਤ-ਸੰਭਾਲ ਦਿੰਦੀਆਂ ਪਈਆਂ ਹਨ। ਵਿਆਪਕ ਪੱਧਰ 'ਤੇ ਕੋਵਿਡ-19 ਦੇ ਟੀਕੇ ਲਾਉਣ, ਚੱਲ ਰਹੇ ਓਪੀਓਇਡ ਸੰਕਟ ਨਾਲ ਨਜਿੱਠਣ ਅਤੇ ਵੀ ਸੀ ਐਚ (VCH) ਦੇ ਵਸਨੀਕਾਂ ਦੀਆਂ ਵੱਖ-ਵੱਖ ਸਿਹਤ-ਸੰਭਾਲ ਜ਼ਰੂਰਤਾਂ ਪੂਰੀਆਂ ਕਰਦੇ ਰਹਿਣ ਲਈ ਇੱਕ ਅਸਰਦਾਰ ਕੋਸ਼ਿਸ਼ ਨਾਲ ਇਸ ਸਾਲ ਦੀ ਇੰਪੈਕਟ ਰਿਪੋਰਟ ਵਿੱਚ ਵਿਸ਼ੇਸ਼ ਤੌਰ 'ਤੇ ਦਰਸਾਈਆਂ ਗਈਆਂ ਕਈ ਗੱਲਾਂ ਨੇ ਇਹਨਾਂ ਵੰਗਾਰ ਵਾਲ਼ੇ ਸਮਿਆਂ ਦੌਰਾਨ ਆਸ ਦੇ ਜਜ਼ਬੇ ਦੀ ਪੇਸ਼ਕਸ਼ ਕਰਦੀ ਹੈ।

ਮੈਂ ਆਪਣੇ 26,000 ਤੋਂ ਵੱਧ ਸਟਾਫ਼ ਅਤੇ ਮੈਡੀਕਲ ਸਟਾਫ਼ ਅਤੇ ਅਣਗਿਣਤ ਵਾਲੰਟੀਅਰਾਂ ਦੀ ਤਾਕਤ, ਦਇਆ ਅਤੇ ਆਪਾ ਵਾਰਣ ਦੇ ਵਲਵਲੇ ਨੂੰ ਬਣਾਈ ਰੱਖਣਾ ਚਾਹੁੰਦੀ ਹਾਂ, ਜੋ ਥਿੜਕਾਉਣ ਵਾਲ਼ੀਆਂ ਵੰਗਾਰਾਂ ਦਾ ਸਾਹਮਣਾ ਕਰਦਿਆਂ ਵਿਲੱਖਣ ਸੇਵਾ ਦਿੰਦੇ ਹਨ। ਮੈਂ ਆਪਣੇ ਦਿਲ ਦੀਆਂ ਡੂੰਘਾਈ ਤੋਂ ਉਹਨਾਂ ਸਾਰਿਆਂ ਨੂੰ ਆਪਣਾ ਸੁਹਿਰਦ ਸ਼ੁਕਰੀਆ ਅਦਾ ਕਰਦੀ ਹਾਂ।

ਕੋਵਿਡ-19 ਮਹਾਂ-ਮਾਰੀ ਅਤੇ ਓਪੀਓਇਡ ਸੰਕਟ ਦਾ ਸਾਹਮਣਾ ਕਰਨ ਲਈ ਲੋੜੀਂਦੀਆਂ ਬਹੁਤ ਹੀ ਅਹਿਮ ਕੋਸ਼ਿਸ਼ਾਂ ਦੇ ਬਾਵਜੂਦ, ਅਸੀਂ ਲੋਕਾਂ ਨੂੰ ਕੁਆਲਟੀ, ਸਿਹਤ-ਸੰਭਾਲ ਸੇਵਾਵਾਂ ਦਾ ਪੂਰਾ ਸਿਲਸਿਲਾ ਦੇਣ ਲਈ ਆਪਣੀ ਵਚਨਬੱਧਤਾ ਬਣਾਈ ਰੱਖੀ ਹੈ। ਇਹ ਸਿਰਫ਼ ਸਾਡੇ ਕਈ ਭਾਈਵਾਲਾਂ ਦੀ ਤਾਕਤ ਨਾਲ ਸੰਭਵ ਹੈ।

ਡਾਇਰੈਕਟਰਾਂ ਦੇ ਬੋਰਡ ਦੀ ਤਰਫ਼ੋਂ, ਮੈਂ ਸਿਹਤ ਮਹਿਕਮੇ (Ministry of Health), ਮਾਨਸਿਕ ਸਿਹਤ ਅਤੇ ਨਸ਼ਿਆਂ ਬਾਰੇ ਮਹਿਕਮੇ (Ministry of Mental Health and Addictions) ਅਤੇ B.C. ਵਿਚਲੀਆਂ ਹੋਰ ਸਿਹਤ ਅਥਾਰਿਟੀਆਂ ਵਿਚਲੇ ਆਪਣੇ ਸਹਿਯੋਗੀਆਂ, ਜਿਹਨਾਂ ਨਾਲ ਅਸੀਂ ਰੋਜ਼ ਕੰਮ ਕਰਦੇ ਹਾਂ, ਦਾ ਸ਼ੁਕਰੀਆ ਅਤੇ ਚੋਖੀ ਸ਼ਲਾਘਾ ਕਰਨਾ ਚਾਹੁੰਦੀ ਹਾਂ। ਮੈਂ ਪ੍ਰੋਵੀਡੈਂਸ ਹੈਲਥ ਕੇਅਰ (Providence Health Care) ਵਿਚਲੇ ਆਪਣੇ ਭਾਈਵਾਲਾਂ ਅਤੇ ਵਿਲੱਖਣ ਭਾਈਚਾਰਕ ਜੱਥੇਬੰਦੀਆਂ ਦਾ ਵੀ ਦਿਲੋਂ ਸ਼ੁਕਰੀਆ ਅਦਾ ਕਰਦੀ ਹਾਂ, ਜੋ ਸਾਡੇ ਆਪਸੀ ਟੀਚਿਆਂ ਨੂੰ ਸਾਂਝਾ ਕਰਦੀਆਂ ਹਨ ਅਤੇ ਉਹਨਾਂ ਮਰੀਜ਼ਾਂ, ਕਲਾਇੰਟਾਂ ਅਤੇ ਵਸਨੀਕਾਂ, ਜਿਹਨਾਂ ਨੂੰ ਸਾਡੀਆਂ ਸੇਵਾਵਾਂ ਦੀ ਲੋੜ ਹੈ, ਲਈ ਸੰਭਾਲ ਕਰਨ ਵਿੱਚ ਸਾਡੀ ਮਦਦ ਕਰਦੀਆਂ ਹਨ। ਦ੍ਰਿੜ-ਇਰਾਦਾ ਅਤੇ ਦੇਖਭਾਲ ਦਾ ਅਸਲ ਜਜ਼ਬਾ, ਜੋ ਸਾਨੂੰ ਆਪਣੇ ਸਾਰੇ ਭਾਈਵਾਲਾਂ ਵਿੱਚ ਵੇਖਣ ਨੂੰ ਮਿਲਿਆ ਹੈ, ਬੇਮਿਸਾਲ ਰਿਹਾ ਹੈ।

ਕਿਉਂਕਿ ਅਸੀਂ ਕੋਵਿਡ-19 ਦੇ ਅਸਰਾਂ ਦਾ ਪ੍ਰਬੰਧ ਕਰਦੇ ਰਹਿੰਦੇ ਹਾਂ, ਇਸ ਲਈ ਆਉਣ ਵਾਲੇ ਸਾਲ ਵਿੱਚ ਮੇਰੇ ਦਿਲ ਵਿੱਚ ਆਸ ਦਾ ਇੱਕ ਨਵਾਂ ਜਜ਼ਬਾ ਹੈ। ਵੀ ਸੀ ਐਚ (VCH) ਵਿੱਚ ਅਸੀਂ ਆਪਣੇ ਭਾਈਚਾਰਿਆਂ ਨੂੰ ਸੁਰੱਖਿਅਤ ਅਤੇ ਸਿਹਤਮੰਦ ਬਣਾਈ ਰੱਖਣ ਲਈ, ਆਪਣੇ ਵਲੋਂ ਆਪਣੀ ਵਧੀਆ ਕੋਸ਼ਿਸ਼ ਕਰਦੇ ਰਹਾਂਗੇ। ਇਸ ਕੰਮ ਨੂੰ ਸਿਰੇ ਚਾੜ੍ਹਨ ਵਿੱਚ ਤੁਹਾਡੇ ਸਾਰਿਆਂ ਦੀ ਭੂਮਿਕਾ ਲਈ ਅਸੀਂ ਸ਼ੁਕਰਗੁਜ਼ਾਰ ਹਾਂ। ਬੋਰਡ ਵਿਚਲੇ ਸਾਡੇ ਸਾਰਿਆਂ ਲਈ ਇਹ ਮਾਣ ਵਾਲ਼ੀ ਗੱਲ ਹੈ ਕਿ ਅਸੀਂ ਵੈਨਕੂਵਰ ਕੋਸਟਲ ਹੈਲਥ ਦੇ ਅੰਦਰ ਲੋਕਾਂ ਦੀ ਸੇਵਾ ਕਰਦੇ ਹਾਂ।

**Vivian Eliopoulos ਦਾ ਸੁਨੇਹਾ**
**ਪ੍ਰੈਜ਼ੀਡੈਂਟ ਅਤੇ CEO, ਵੈਨਕੂਵਰ ਕੋਸਟਲ ਹੈਲਥ**




2021/22 ਦੀ ਇਹ ਇੰਪੈਕਟ ਰਿਪੋਰਟ ਵੀ ਸੀ ਐਚ (VCH) ਦੇ ਸਾਰੇ ਸਟਾਫ਼, ਮੈਡੀਕਲ ਸਟਾਫ਼ ਅਤੇ ਭਾਈਚਾਰਕ ਭਾਈਵਾਲਾਂ ਨੂੰ ਸਮਰਪਿਤ ਹੈ, ਜਿਹਨਾਂ ਨੇ ਉਹਨਾਂ ਭਾਈਚਾਰਿਆਂ, ਜਿਹਨਾਂ ਨੂੰ ਅਸੀਂ ਸੇਵਾ ਦਿੰਦੇ ਹਾਂ, ਨੂੰ ਅਸਾਧਾਰਣ ਸੰਭਾਲ ਦੇਣ ਲਈ ਪਿਛਲੇ ਸਾਲ ਮਿਲਕੇ ਅਣਥੱਕ ਕੰਮ ਕੀਤਾ ਸੀ।

# ਸਿਹਤ-ਸੰਭਾਲ ਵਰਕਰਾਂ ਦਾ ਸ਼ੁਕਰੀਆ


ਸਾਡੇ ਮਰੀਜ਼ਾਂ, ਉਹਨਾਂ ਦੇ ਪਰਿਵਾਰਾਂ, ਭਾਈਚਾਰੇ ਅਤੇ ਵੀ ਸੀ ਐਚ (VCH) ਦੇ ਆਗੂ ਸਿਹਤ-ਸੰਭਾਲ ਵਰਕਰਾਂ ਦੀ ਮਿਹਨਤ ਅਤੇ ਸਮਰਪਣ ਭਾਵਨਾ ਦੀ ਸ਼ਲਾਘਾ ਕਰਦੇ ਰਹਿੰਦੇ ਹਨ। ਵੀ ਸੀ ਐਚ (VCH) ਦੇ ਇੱਕ ਮਰੀਜ਼ ਸ਼ੈਰੀ ਗ੍ਰੀਨ, ਜਿਹਨਾਂ ਦਾ ਕੈਂਸਰ ਦਾ ਇਲਾਜ ਹੋਇਆ ਸੀ, ਨੇ ਆਪਣਾ ਸ਼ੁਕਰਾਨਾ ਸਾਂਝਾ ਕੀਤਾ ਹੈ।




# ਰਿਪੋਰਟ ‘ਤੇ ਇੱਕ ਨਜ਼ਰ




COVID-19 VACCINE
VCH ਲਈ ਟੀਕਾਕਰਣ ਦੇ ਮੁੱਲ
ਖ਼ੁਰਾਕ 1
93%
ਖ਼ੁਰਾਕ 2
90%
3M ਤੋਂ ਵੱਧ ਖ਼ੁਰਾਕਾਂ ਦਿੱਤੀਆਂ ਗਈਆਂ (18 ਅਪ੍ਰੈਲ, 2022 ਤੱਕ)


2021 ਵਿੱਚ ਜ਼ਹਿਰੀਲੇ ਨਸ਼ੇ ਦੀਆਂ ਵਾਧੂ ਖ਼ੁਰਾਕਾਂ ਵਿੱਚ 26% ਵਾਧਾ ਹੋਇਆ ਸੀ
488
2020 ਮੌਤਾਂ
615
2021 ਮੌਤਾਂ
12
VCH ਇਲਾਕੇ ਵਿੱਚ ਵਾਧੂ ਖ਼ੁਰਾਕ ਦੀ ਰੋਕਥਾਮ ਵਾਲ਼ੀਆਂ ਥਾਵਾਂ ਅਤੇ ਸੁਰੱਖਿਅਤ ਵਰਤੋਂ ਦੀਆਂ 2 ਥਾਵਾਂ


ਬੈਕਟੀਰੀਆ ਦਾ ਮੁਕਾਬਲਾ ਕਰਨ ਲਈ ਤਾਂਬੇ ਦੀ ਵਰਤੋਂ ਕਰਨਾ
ਅਸੀਂ ਟ੍ਰਾਂਸਪੋਰਟ ਦੀਆਂ ਸਭ ਤੋਂ ਵੱਧ ਛੂਹੀਆਂ ਜਾਣ ਵਾਲ਼ੀਆਂ ਥਾਵਾਂ ‘ਤੇ ਤਾਂਬੇ ਦੀ ਵਰਤੋਂ ਕੀਤੀ ਹੈ
ਤਾਂਬਾ ਸਤਹਿ ਦੇ
99.9%
ਬੈਕਟੀਰੀਆ
ਖ਼ਤਮ ਕਰਦਾ ਹੈ

3,757
ਸਟਾਫ਼ ਨੇ ਮੂਲ-ਨਿਵਾਸੀਆਂ ਸਬੰਧੀ ਸਭਿਆਚਾਰਕ ਸੁਰੱਖਿਆ ਸਿਖਲਾਈ ਲਈ ਹੈ
ਅਸੀਂ ਪੱਛਮੀ ਕੈਨੇਡਾ ਵਿੱਚ ਪਹਿਲੀ ਮਾਣਤਾਪ੍ਰਾਪਤ ਨਿਜੀ ਸੁਰੱਖਿਆ ਸਬੰਧੀ ਉਪਕਰਣ ਦੀ ਟੈਸਟਿੰਗ ਲੈਬ ਖੋਲ੍ਹੀ ਹੈ

2010 ਤੋਂ
ਪਾਣੀ ਦੀ ਵਰਤੋਂ
ਦੀ ਤੀਬਰਤਾ ਵਿੱਚ
16%
ਤੱਕ ਕਮੀ ਆਈ ਹੈ
ਗ੍ਰੀਨ ਹਾਉਸ ਗੈਸ ਦੀ ਨਿਕਾਸੀ ਦੀ ਤੀਬਰਤਾ ਵਿੱਚ ਕਮੀ ਆਈ ਹੈ
2007 ਤੋਂ
33%
ਤੱਕ

ਹਰਿਆਵਲ ਦੀ ਸੰਭਾਲ ਅਤੇ ਕਾਰਬਨ ਦੀਆਂ ਨਿਕਾਸੀਆਂ ਵਿੱਚ ਸੁਧਾਰ ਹੋਣਾ
T
ਟ੍ਰਾਂਸਪੋਰਟੇਸ਼ਨ ਦਾ
46%
ਸਟਾਫ਼ ਸਰਗਰਮ ਅਤੇ ਧੂੰਆਂ ਨਾ ਛੱਡਣ ਵਾਲ਼ੀਆਂ ਗੱਡੀਆਂ ਵਿੱਚ ਆਉਂਦਾ ਹੈ
(2020)



# ਸਾਰਿਆਂ ਲਈ ਦੇਖਭਾਲ




# ਦੋ ਪਬਲਿਕ ਸਿਹਤ ਐਮਰਜੈਂਸੀਆਂ ਦਾ ਮੁਕਾਬਲਾ ਕਰਨਾ

ਹਾਲਾਂਕਿ ਕੋਵਿਡ-19 ਕਈਆਂ ਦੇ ਮਨਾਂ 'ਤੇ ਹਾਵੀ ਰਿਹਾ ਹੈ, ਪਰ ਸਾਡੇ ਸਿਹਤ-ਸੰਭਾਲ ਪ੍ਰਬੰਧ ਨੂੰ ਦੋ ਪਬਲਿਕ ਸਿਹਤ ਐਮਰਜੈਂਸੀਆਂ ਦਾ ਸਾਹਮਣਾ ਕਰਦੇ ਰਹਿਣਾ ਪਿਆ ਹੈ – ਜ਼ਹਿਰੀਲੇ ਨਸ਼ੇ ਦੀ ਸਪਲਾਈ ਦਾ ਸੰਕਟ ਅਤੇ ਮਹਾਂ-ਮਾਰੀ – ਅਤੇ ਸਾਡੇ ਸਮਰਪਿਤ ਲੋਕ ਦੋਹਾਂ ਸੰਕਟਾਂ ਦਾ ਬਹੁਤ ਹੀ ਤਨਦੇਹੀ ਨਾਲ ਮੁਕਾਬਲਾ ਕਰਦੇ ਰਹਿੰਦੇ ਹਨ।

ਮਹਾਂ-ਮਾਰੀ ਦੀ ਸ਼ੁਰੂਆਤ ਵਿੱਚ, ਪਬਲਿਕ ਹੈਲਥ ਨੇ ਵੈਨਕੂਵਰ ਦੇ ਡਾਉਨਟਾਉਨ ਈਸਟ ਸਾਈਡ ਵਿੱਚ ਰਹਿਣ ਵਾਲ਼ੇ ਲੋਕਾਂ ਨੂੰ ਕੋਵਿਡ-19 ਦੀ ਰੋਕਥਾਮ ਅਤੇ ਦੇਖਭਾਲ ਲਈ ਘੱਟ-ਅੜਿੱਕੇ ਵਾਲ਼ੀਆਂ ਸੇਵਾਵਾਂ ਤੱਕ ਪਹੁੰਚ ਯਕੀਨੀ ਬਣਾਉਣ ਵਿੱਚ ਮਦਦ ਕਰਨ ਲਈ ਇੱਕ ਟੀਚਾਬੱਧ ਰਣਨੀਤੀ ਨਾਲ ਕੰਮ ਕੀਤਾ ਹੈ, ਇਸ ਵਿੱਚ ਸਿਹਤ-ਸੰਭਾਲ ਪ੍ਰੋਵਾਈਡਰਾਂ ਦੀ ਮਦਦ ਨਾਲ ਕਲਿਨਿਕਲ ਲੈਬੋਰੇਟਰੀ ਟੈਸਟਿੰਗ, ਵਧਾਈ ਗਈ ਸੰਪਰਕ ਟ੍ਰੇਸਿੰਗ ਅਤੇ ਅਲੱਗ-ਥਲੱਗ ਬਣਾਏ ਗਏ ਪਨਾਹਘਰ ਸ਼ਾਮਿਲ ਹੁੰਦੇ ਹਨ।

ਫ਼ਰਵਰੀ 2020 ਦੀ ਸ਼ੁਰੂਆਤ ਨਾਲ ਵੀ ਸੀ ਐਚ  (VCH) ਨੇ ਵਸਨੀਕਾਂ, ਸਿਹਤ-ਸੰਭਾਲ ਪ੍ਰੋਵਾਈਡਰਾਂ ਅਤੇ ਸਰਵਿਸ ਪ੍ਰੋਵਾਈਡਰਾਂ ਨੂੰ ਬਿਮਾਰੀ ਤੋਂ ਬਚਾਉਣ ਲਈ ਟੀਕਾਕਰਣ ਮੁਹਿੰਮ ਚਲਾਈ ਸੀ। ਇਸ ਨਜ਼ਰੀਏ ਨੇ ਭਾਈਚਾਰੇ ਵਿੱਚ ਵਾਇਰਸ ਫੈਲਣ ਨੂੰ ਸੀਮਤ ਕਰ ਦਿੱਤਾ ਸੀ ਅਤੇ ਉਹਨਾਂ ਇਲਾਕਿਆਂ 'ਤੇ ਪੂਰਾ ਧਿਆਨ ਲਾਇਆ ਸੀ, ਜਿੱਥੇ ਵਸਨੀਕਾਂ ਨੂੰ ਆਪਣੇ ਆਪ ਨੂੰ ਅਲੱਗ-ਥਲੱਗ ਕਰਨ ਵਾਲ਼ੀਆਂ ਵੰਗਾਰਾਂ ਦਾ ਸਾਹਮਣਾ ਕਰਨਾ ਪਿਆ ਸੀ।


ਮਹਾਂ-ਮਾਰੀ ਦੌਰਾਨ ਵਿਗੜ ਰਹੇ ਜ਼ਹਿਰੀਲੇ ਨਸ਼ੇ ਦੇ ਸੰਕਟ ਨਾਲ ਨਜਿੱਠਣ ਲਈ ਵੀ ਸੀ ਐਚ (VCH) ਦੀ ਪਬਲਿਕ ਸਿਹਤ ਟੀਮ ਨੇ ਅਹਿਮ ਸੇਵਾਵਾਂ ਨੂੰ ਫਿਰ ਤੋਂ ਖੜ੍ਹਿਆਂ ਕਰਨ ਲਈ ਕੰਮ ਕੀਤਾ ਸੀ, ਜਿਹਨਾਂ ਵਿੱਚ ਮਹਾਂ-ਮਾਰੀ ਦਾ ਮੁਕਾਬਲਾ ਕਰਨ ਕਰਕੇ ਵਿਘਨ ਪੈ ਗਿਆ ਸੀ, ਜਿਵੇਂ ਵਾਧੂ ਖ਼ੁਰਾਕ ਲੈਣ ਦੀ ਰੋਕਥਾਮ ਕਰਨ ਵਾਲ਼ੀਆਂ ਥਾਂਵਾਂ ਅਤੇ ਵਿਅਕਤੀਗਤ ਨਸ਼ੇ ਦਾ ਇਲਾਜ ਕਰਨਾ।





*ਅਗਸਤ 2021, ਪੂਰੇ B.C. ਤੋਂ ਹਜ਼ਾਰਾਂ ਲੋਕ ਵਾਕ-ਇਨ ਬੁੱਧਵਾਰ (Walk-in Wednesday) ਲਈ ਉੱਥੇ ਪਹੁੰਚੇ ਅਤੇ ਕੋਵਿਡ -19 ਦਾ ਟੀਕਾ ਲਿਆਉਣ ਦਾ ਆਪਣਾ ਕੰਮ ਪੂਰਾ ਕੀਤਾ।*




*ਡਾਕਟਰ Bonnie Henry ਨੇ ਵੈਨਕੂਵਰ ਕੰਵੈਨਸ਼ਨ ਸੈਂਟਰ (Vancouver Convention Centre)ਵਿੱਚ ਵੀ ਸੀ ਐਚ (VCH) ਟੀਕਾਕਰਣ ਦੇ ਕਲਿਨਿਕ  ਸਟਾਫ਼ ਨਾਲ ਮੁਲਾਕਾਤ ਕੀਤੀ ਸੀ।*




ਜ਼ਹਿਰੀਲੇ ਨਸ਼ੇ ਦੀ ਵਾਧੂ ਖ਼ੁਰਾਕ ਲੈਣ ਕਰਕੇ 2019 ਵਿੱਚ ਹੋਈਆਂ 280 ਮੌਤਾਂ ਦੇ ਮੁਕਾਬਲੇ 2020 ਵਿੱਚ, ਸਿਰਫ਼ ਵੀ ਸੀ ਐਚ (VCH) ਹਲਕੇ ਵਿੱਚ 480 ਮੌਤਾਂ ਦਰਜ ਕੀਤੀਆਂ ਗਈਆਂ ਸੀ।



ਵੀ ਸੀ ਐਚ (VCH) ਨੇ ਵੈਨਕੂਵਰ ਅਤੇ ਸਕੁਆਮਿਸ਼ ਵਿੱਚ ਜੋਖਮ ਘਟਾਉਣ ਵਾਲ਼ੀਆਂ ਆਪਣੀਆਂ ਸੇਵਾਵਾਂ ਦਾ ਪਸਾਰ ਕੀਤਾ ਸੀ, ਜਿਸ ਵਿੱਚ ਵਾਧੂ ਖ਼ੁਰਾਕ ਲੈਣ ਦੀ ਰੋਕਥਾਮ ਕਰਨ  ਵਾਲ਼ੀਆਂ ਦੋ ਨਵੀਆਂ ਥਾਂਵਾਂ ਖੋਲ੍ਹਣਾ ਸ਼ਾਮਿਲ ਸੀ। ਲੋਕਾਂ ਨੂੰ ਜ਼ਹਿਰੀਲੇ ਨਸ਼ਿਆਂ ਤੋਂ ਸੁਰੱਖਿਅਤ ਰੱਖਣ ਅਤੇ ਉਹਨਾਂ ਨੂੰ ਸਿਹਤ ਸੇਵਾਵਾਂ ਨਾਲ ਜੋੜਣ ਲਈ ਵੀ ਸੀ ਐਚ (VCH) ਇਹਨਾਂ ਵਿੱਚੋਂ 14 ਸਾਈਟਾਂ ਪੂਰੇ ਇਲਾਕੇ ਵਿੱਚ ਚਲਾਉਂਦੀ ਹੈ।




ਵੀ ਸੀ ਐਚ (VCH) ਵਲੋਂ ਵਾਧੂ ਖ਼ੁਰਾਕ ਲੈਣ ਦੇ ਸਭ ਤੋਂ ਵੱਧ ਜੋਖਮ ਵਾਲ਼ੇ ਲੋਕਾਂ ਨੂੰ ਮੈਡੀਕਲ ਗ੍ਰੇਡ ਫ਼ੈਂਟਾਨੀਲ (fentanyl) ਲਿਖਕੇ ਦੇਣ ਲਈ ਮੈਟ੍ਰੋ ਵੈਨਕੂਵਰ ਦੀ ਪਹਿਲੀ ਸੁਰੱਖਿਅਤ ਸਪਲਾਈ ਦੇ ਮਾੱਡਲ, ਐਮਰਜੈਂਸੀ ਵਿੱਚ ਕਾਰਵਾਈ ਕਰਨ ਦਾ ਸੁਰੱਖਿਅਤ ਤਰੀਕਾ (Safe Alternative For Emergency Response, SAFER) ਸ਼ੁਰੂ ਕਰਨ ਵਾਸਤੇ ਹੈਲਥ ਕੈਨੇਡਾ (Health Canada) ਤੋਂ ਰਕਮਾਂ ਮਿਲੀਆਂ ਹਨ। ਇਸ ਮਾੱਡਲ ਤੋਂ ਪ੍ਰਾਪਤ ਤੱਥਾਂ ਨੂੰ ਲੋਕਾਂ ਨੂੰ ਜ਼ਹਿਰੀਲੇ ਨਸ਼ੇ ਦੀ ਸਪਲਾਈ ਤੋਂ ਦੂਰ ਰੱਖਣ ਵਾਸਤੇ ਭਵਿੱਖ ਵਿੱਚ ਲਿਖਕੇ ਦਿੱਤੀਆਂ ਜਾਣ ਵਾਲ਼ੀਆਂ ਨੇਮਬੱਧ ਬਦਲਵੀਂਆਂ ਦਵਾਈਆਂ ਦੀ ਵਰਤੋਂ ਕੀਤੀ ਜਾਏਗੀ।



# ਵੰਨ-ਸੁਵੰਨੇ ਭਾਈਚਾਰਿਆਂ ਨਾਲ ਭਾਈਵਾਲਾਂ ਨੂੰ ਮਜ਼ਬੂਤ ਕਰਨਾ

ਕੋਵਿਡ-19 ਟੀਕਾਕਰਣ ਮੁਹਿੰਮ ਦੌਰਾਨ ਸਾਡੇ ਲੋਕਾਂ ਦੀ ਤਰਜੀਹ ਟੀਕਾਕਰਣ ਤੱਕ ਅਸਾਨ ਪਹੁੰਚ ਮੁਹੱਈਆ ਕਰਨਾ ਹੈ, ਖ਼ਾਸ ਤੌਰ 'ਤੇ ਕੋਵਿਡ-19 ਕਰਕੇ ਗੰਭੀਰ ਬਿਮਾਰੀ ਲਈ ਸਭ ਤੋਂ ਸੰਵੇਦਨਸ਼ੀਲ ਲੋਕਾਂ ਲਈ।

ਭਾਈਚਾਰਕ ਭਾਈਵਾਲਾਂ ਨਾਲ ਕੰਮ ਕਰਦਿਆਂ ਵੀ ਸੀ ਐਚ (VCH) ਨੇ ਕੈਂਟੋਨੀਜ਼ ਅਤੇ ਮੰਦਾਰਿਨ ਬੋਲਣ ਵਾਲ਼ੇ ਵੱਡੇ-ਬਜ਼ੁਰਗਾਂ ਲੋਕਾਂ ਲਈ, ਜੋ ਕਈ ਸਾਰੇ ਲੋਕਾਂ ਲਈ ਇੱਕੋ ਕਮਰੇ ਵਿਚਲੀ ਰਿਹਾਇਸ਼ (Single Room Occupancy, SRO) ਵਾਲ਼ੀ ਹਾਉਸਿੰਗ ਅਤੇ ਵੈਨਕੂਵਰ ਦੇ ਚਾਈਨਾਟਾਉਨ ਅਤੇ ਸਟ੍ਰੈਥਕੋਨਾ (Vancouver's Chinatown and Strathcona) ਗੁਆਂਢਚਾਰਿਆਂ ਵਿੱਚ ਇਕੱਠਿਆਂ ਰਹਿਣ ਵਾਲ਼ੀਆਂ ਸੈਟਿੰਗਾਂ ਵਿੱਚ ਰਹਿੰਦੇ ਹਨ, ਲਈ ਘੱਟ-ਅੜਿੱਕੇ ਵਾਲ਼ੇ ਟੀਕਾਕਰਣ ਦੇ ਮੌਕੇ ਮੁਹੱਈਆ ਕਰਨ ਲਈ ਟੀਕੇ ਦੇ ਕਲਿਨਿਕ ਤਿਆਰ ਕੀਤੇ ਹਨ। ਵੀ ਸੀ ਐਚ (VCH) ਨੇ ਸੁਆਲਾਂ ਅਤੇ ਸਰੋਕਾਰਾਂ ਨਾਲ ਨਜਿੱਠਣ ਲਈ ਟੀਕਿਆਂ ਦੀ ਸੁਰੱਖਿਆ ਅਤੇ ਪ੍ਰਭਾਵਕਤਾ ਬਾਰੇ ਹੋਰਨਾਂ ਭਾਸ਼ਾਵਾਂ ਵਿੱਚ ਸ੍ਰੋਤ ਮੁਹੱਈਆ ਕਰਨ ਲਈ ਭਾਈਚਾਰੇ ਦੇ ਭਾਈਵਾਲਾਂ ਨਾਲ ਕੰਮ ਕੀਤਾ ਹੈ।

ਕਿਉਂਕਿ ਟੀਕਾਕਰਣ ਮੁਹਿੰਮ ਚੱਲ ਰਹੀ ਹੈ, ਇਸ ਕਰਕੇ ਵੀ ਸੀ ਐਚ (VCH) ਨੇ ਅੰਗ੍ਰੇਜ਼ੀ ਦੀ ਘੱਟ ਜਾਂ ਬਿਨਾ ਪ੍ਰਬੀਨਤਾ ਵਾਲ਼ੇ ਲੋਕਾਂ ਨੂੰ ਹੋਰ ਸਹਾਇਤਾ ਮੁਹੱਈਆ ਕਰਨ ਲਈ ਜ਼ਰੂਰਤ ਦੀ ਪਛਾਣ ਕੀਤੀ ਹੈ। ਅਸੀਂ ਖ਼ਾਸ ਗੁਆਂਢਚਾਰਿਆਂ ਵਿੱਚ ਹੋਰ ਕਲਿਨਿਕ ਬਣਾਏ ਹਨ ਅਤੇ ਉਥੇ ਕਈ ਭਾਸ਼ਾਵਾਂ ਵਿੱਚ ਗੱਲਬਾਤ ਕੀਤੀ ਜਾਂਦੀ ਹੈ, ਇਸ ਲਈ ਅੰਗ੍ਰੇਜ਼ੀ ਦੀ ਘੱਟ ਪ੍ਰਬੀਨਤਾ ਵਾਲ਼ੇ ਵਸਨੀਕਾਂ ਨੂੰ ਸਭਿਆਚਾਰਕ ਤੌਰ 'ਤੇ ਜਾਣੇ-ਪਛਾਣੇ ਕਲਿਨਿਕ ਦੇ ਅਨੁਭਵ ਹੋਏ ਸੀ।



*ਡਾਕਟਰ Matthew Kwok, ਐਮਰਜੈਂਸੀ ਵਿਭਾਗ (Emergency Department) ਦੇ ਫਿਜ਼ੀਸ਼ੀਅਨ, ਰਿਚਮੰਡ ਹਸਪਤਾਲ (Richmond Hospital) ਵਿੱਚ ਵੀ ਸੀ ਐਚ (VCH) ਦੇ ਕੋਵਿਡ-19 ਦੇ ਟੀਕਾ ਲਾਉਣ ਵਾਲ਼ੇ ਕਲਿਨਿਕਾਂ ਵਿਖੇ ਕਈ ਰੋਗ-ਰੋਧਕ ਡਾਕਟਰਾਂ ਵਿੱਚੋਂ ਇੱਕ ਸਨ।*




2021 ਵਿੱਚ ਵੀ ਸੀ ਐਚ (VCH) ਨੇ ਸਿਰਫ਼ ਚਾਈਨਾਟਾਉਨ ਅਤੇ ਸਟ੍ਰੈਥਕੋਨਾ ਗੁਆਂਢਚਾਰਿਆਂ ਵਿਚ ਰਹਿਣ ਵਾਲ਼ੇ ਕੈਂਟੋਨੀਜ਼ ਅਤੇ ਮੰਦਾਰਿਨ ਬੋਲਣ ਵਾਲ਼ੇ ਭਾਈਚਾਰੇ ਨੂੰ ਸੇਵਾ ਦੇਣ ਲਈ ਛੇ ਕਲਿਨਿਕ ਸ਼ੁਰੂ ਕੀਤੇ ਗਏ ਸਨ, ਜਿਹਨਾਂ ਵਿੱਚ ਲੋਕਾਂ ਨੂੰ 1,714 ਟੀਕੇ (ਪਹਿਲਾ, ਦੂਜਾ ਟੀਕਾ ਅਤੇ ਬੂਸਟਰ ਖ਼ੁਰਾਕਾਂ) ਲਾਏ ਜਾ ਰਹੇ ਹਨ।

ਇਹ ਕੰਮ ਉਹਨਾਂ ਭਾਈਚਾਰਕ ਜੱਥੇਬੰਦੀਆਂ ਨਾਲ ਡੂੰਘੀ ਮਿਲਵਰਤਣ ਨਾਲ ਹੀ ਸੰਭਵ ਹੋਇਆ ਸੀ, ਜੋ ਵੈਨਕੂਵਰ ਅਤੇ ਰਿਚਮੰਡ ਚੀਨੀ ਭਾਈਚਾਰਿਆਂ ਦੀ ਮਦਦ ਕਰਦੀਆਂ ਹਨ, ਇਸ ਵਿੱਚ ਸ਼ਾਮਿਲ ਹਨ:

- ਸਕਸੈਸ (S.U.C.C.E.S.S.)
- ਵੈਨਕੂਵਰ ਚਾਈਨਾਟਾਉਨ ਲਿਗੇਸੀ ਸਟਿਵਰਡਸ਼ਿਪ ਗਰੁਪ (Vancouver Chinatown Legacy Stewardship Group)
- ਵੈਨਕੂਵਰ ਸੈਕੰਡ ਮਾਈਲ ਸੁਸਾਇਟੀ (Vancouver Second Mile Society)
- ਡਾਉਨਟਾਉਨ ਈਸਟਸਾਈਡ ਵੁਮੈਨ'ਜ਼ ਸੈਂਟਰ (Downtown Eastside Women's Centre)
- ਹੁਆ ਫ਼ਾਉਂਡੇਸ਼ਨ (Hua Foundation)
- DTES SRO ਕੋਲੈਬਰੇਟਿਵ (DTES SRO Collaborative)
- ਯੈਰੋ ਇੰਟਰਜੈਨਰੇਸ਼ਨਲ ਸੁਸਾਇਟੀ ਫ਼ਾਰ ਜਸਟਿਸ (Yarrow Intergenerational Society for Justice)
- ਕਾਰਨੇਗੀ ਕਮਿਉਨਿਟੀ ਸੈਂਟਰ (Carnegie Community Centre)



# B.C. ਵਿਚਲੇ ਜੰਗਲਾਂ ਵਿੱਚ ਲੱਗਣ ਵਾਲ਼ੀ ਅੱਗ ਦੌਰਾਨ ਆਪਣੇ ਗੁਆਂਢੀਆਂ ਦਾ ਖ਼ਿਆਲ ਰੱਖਣਾ

2021 ਦੀਆਂ ਗਰਮੀਆਂ ਵਿੱਚ ਚਿਰਕੇ ਜਿਹੇ ਬ੍ਰਿਟਿਸ਼ ਕੋਲੰਬੀਆ ਨੂੰ ਗਰਮੀ ਦੇ ਗੁਬਾਰ ਨੇ ਘੇਰ ਲਿਆ ਸੀ ਅਤੇ ਜੰਗਲ ਦੀ ਅੱਗ ਨੇ ਸੈਂਕੜੇ ਲੋਕਾਂ ਨੂੰ ਅੰਦਰੂਨੀ ਅਤੇ ਨੌਰਥ ਵਿਚ ਲੋੜੀਂਦੀ ਸਭ ਤੋਂ ਵੱਧ ਮਦਦ ਅਤੇ ਰਾਖੀ ਲਈ ਲੰਮੀ-ਮਿਆਦ ਦੇ ਆਪਣੇ ਕੇਅਰ ਹੋਮਸ ਨੂੰ ਖਾਲੀ ਕਰਨ ਲਈ ਮਜਬੂਰ ਹੋਣਾ ਪਿਆ ਸੀ।

ਕੁਝ ਮਾਮਲਿਆਂ ਵਿੱਚ 24-ਘੰਟਿਆਂ ਤੋਂ ਥੋੜ੍ਹੇ ਜਿਹੇ ਵੱਧ ਸਮੇਂ ਦੇ ਨੋਟਿਸ ਨਾਲ ਵਸਨੀਕਾਂ ਨੂੰ ਮੈਰਿਟ (Merritt, BC), ਵਰਨਨ (Vernon, BC), ਆਰਮਸਟ੍ਰੌਂਗ (Armstrong, BC), ਸਾਮਨ ਆਰਮ (Salmon Arm, BC) ਅਤੇ ਕੈਲੋਨਾ (Kelowna, BC) ਵਰਗੇ ਭਾਈਚਾਰਿਆਂ ਤੋਂ ਲੈਕੇ ਵੀ ਸੀ ਐਚ (VCH) ਅਤੇ ਪ੍ਰੋਵੀਡੈਂਸ ਹੈਲਥ ਭਰ ਵਿਚਲੀਆਂ ਸੱਤ ਸਾਈਟਾਂ ਤੋਂ ਲੋਕਾਂ ਨੂੰ ਤੇਜ਼ੀ ਨਾਲ ਕੱਢਿਆ ਗਿਆ ਸੀ।

ਵੀ ਸੀ ਐਚ (VCH) ਦੀਆਂ ਟੀਮਾਂ ਤੋਂ ਮਿਲਿਆ ਜਵਾਬ ਤੇਜ਼, ਕੁਸ਼ਲ ਸੀ ਅਤੇ ਇਹ ਕਾਰਵਾਈ ਹਰ ਵਸਨੀਕ ਦੀਆਂ ਜ਼ਰੂਰਤਾਂ ਦੀ ਸਭ ਵੱਧ ਅਹਿਮੀਅਤ ਨੂੰ ਧਿਆਨ ਵਿੱਚ ਰੱਖਦਿਆਂ ਕੀਤੀ ਗਈ ਸੀ। ਵਸਨੀਕਾਂ ਨੂੰ ਲੋਅਰ ਮੇਨਲੈਂਡ ਵਿਚਲੀ ਵਧੀਆ ਥਾਂ ਵਿੱਚ ਰਖਿਆ ਗਿਆ ਸੀ, ਜਿੱਥੇ ਉਹਨਾਂ ਦੀਆਂ ਪੌਸ਼ਟਿਕਤਾ, ਦਵਾਈਆਂ ਅਤੇ ਉਪਕਰਣ ਵਰਗੀਆਂ ਖ਼ਾਸ ਜ਼ਰੂਰਤਾਂ, ਪੂਰੀਆਂ ਕੀਤੀਆਂ ਜਾਣਗੀਆਂ।

ਵਸਨੀਕਾਂ ਨੂੰ ਗਰਮੀ, ਧੂੰਏਂ ਅਤੇ ਸੜਕੀ-ਹਾਦਸਿਆਂ ਕਰਕੇ ਹੋਈ ਦੇਰੀ ਨਾਲ ਹਵਾਈ ਜਹਾਜ਼ ਜਾਂ ਬੱਸ ਵਿੱਚ ਪੰਜ ਅਤੇ 15 ਘੰਟਿਆਂ ਦੇ ਸਮੇਂ ਵਿਚਕਾਰ ਸਫ਼ਰ ਕਰਨਾ ਪਿਆ ਸੀ। ਜਿਵੇਂ ਹੀ ਉਹ ਵਸਨੀਕ ਆਪਣੇ ਟਿਕਾਣੇ 'ਤੇ ਪਹੁੰਚੇ, ਸਿਹਤ-ਸੰਭਾਲ ਵਰਕਰਾਂ ਨੇ ਤੇਜ਼ੀ ਨਾਲ ਉਹਨਾਂ ਦੇ ਮੈਡੀਕਲ ਮੁਲਾਂਕਣ ਪੂਰੇ ਕੀਤੇ ਅਤੇ ਕੁਝ ਨੂੰ ਹਸਪਤਾਲ ਭੇਜਣਾ ਪਿਆ ਸੀ।

ਉੱਥੇ ਦੀਆਂ ਟੀਮਾਂ ਨੇ ਵਸਨੀਕਾਂ ਦੀਆਂ ਜ਼ਰੂਰਤਾਂ ਅਤੇ ਬੇਨਤੀਆਂ ਪੂਰੀਆਂ ਕਰਨ ਲਈ ਖ਼ਾਸੀ ਮਿਹਨਤ ਕੀਤੀ, ਜਿਵੇਂ ਮਨਪਸੰਦ ਭੋਜਨ ਜਾਂ ਆਪਣੇ ਟੀਵੀ ਸ਼ੋਅ ਵਾਲ਼ੇ ਕੇਬਲ ਸਟੇਸ਼ਨ ਲਈ ਕਹਿਣਾ। ਸਟਾਫ਼ ਨੇ ਇਹ ਵੀ ਜਾਣਨ ਦੀ ਕੋਸ਼ਿਸ਼ ਕੀਤੀ ਸੀ ਕਿ ਹਾਲ ਦੀ ਘੜੀ ਬਹੁਤ ਹੀ ਅਹਿਮ ਅਤੇ ਸੰਭਵ ਕੀਤਾ ਜਾਣ ਵਾਲ਼ਾ ਕੰਮ ਕਿਹੜਾ ਸੀ।

ਸਟਾਫ਼ ਨੇ ਉਹਨਾਂ 159 ਵਸਨੀਕਾਂ ਲਈ ਨਿੱਘ ਭਰਿਆ ਅਤੇ ਦੇਖਭਾਲ ਕਰਨ ਵਾਲ਼ਾ ਆਲਾ-ਦੁਆਲਾ ਸਿਰਜਣ ਨੂੰ ਤਰਜੀਹ ਦਿੱਤੀ ਸੀ, ਜਿਹਨਾਂ ਤੋਂ ਆਪਣੇ ਘਰੇਲੂ ਭਾਈਚਾਰਿਆਂ ਵਿਚਲਾ ਅਰਾਮ, ਬੇਫ਼ਿਕਰੀ ਅਤੇ ਮੇਲ-ਜੋਲ ਖੁੰਝ ਗਿਆ ਸੀ; ਇਹਨਾਂ ਵਿੱਚੋਂ ਕੁਝ ਲੋਕ ਅਜਿਹੇ ਸਨ, ਜਿਹਨਾਂ ਨੂੰ ਆਪਣੇ ਪਰਿਵਾਰਾਂ ਨੂੰ ਅਲਵਿਦਾ ਕਹਿਣ ਦਾ ਵੀ ਮੌਕਾ ਨਹੀਂ ਮਿਲਿਆ, ਉਹਨਾਂ ਨੂੰ ਵੀ ਉਥੋਂ ਕੱਢਿਆ ਜਾ ਰਿਹਾ ਸੀ।




*"ਸਾਨੂੰ ਇਹ ਨਹੀਂ ਪਤਾ ਕਿ ਉਹ ਸਾਡੇ ਨਾਲ ਕਿੰਨਾ ਚਿਰ ਰਹਿਣਗੇ, ਇਸ ਲਈ ਸਾਨੂੰ ਉਹਨਾਂ ਬਾਰੇ ਫ਼ੌਰਨ ਜਾਣਨ ਦੀ ਲੋੜ ਸੀ। ਵੀ ਸੀ ਐਚ (VCH) ਵਿਖੇ ਸਾਡੇ ਵਲੋਂ ਖ਼ਿਆਲ ਰੱਖਣ ਦਾ ਇਹੀ ਸਭਿਆਚਾਰ ਹੈ। ਇਸਦਾ ਉਦੇਸ਼ ਸੰਵੇਦਨਸ਼ੀਲ ਲੋਕਾਂ ਵਿੱਚੋਂ ਉਹਨਾਂ ਲੋਕਾਂ ਬਾਰੇ ਪਤਾ ਲਾਉਣਾ ਹੁੰਦਾ ਹੈ, ਨਾ ਸਿਰਫ਼ ਇਸ ਕਰਕੇ ਕਿ ਉਹ ਲੰਮੀ-ਮਿਆਦ ਦੀ ਸੰਭਾਲ ਵਿੱਚ ਹਨ, ਬਲਕਿ ਇਸ ਕਰਕੇ ਵੀ ਕਿ ਅਣਜਾਣ ਲੋਕਾਂ ਨਾਲ ਇੱਕ ਨਵੀਂ, ਅਜੀਬ ਜਿਹੀ ਥਾਂ ਵਿੱਚ ਉਹਨਾਂ ਕੋਲ ਕੁਝ ਵੀ ਨਹੀਂ ਬਚਿਆ।"*

ਜੋ-ਐਨ-ਟੇਟ | ਲੰਮੀ-ਮਿਆਦ ਦੀ ਦੇਖਭਾਲ ਬਾਰੇ ਐਗਜ਼ੀਕਿਉਟਿਵ ਡਾਇਰੈਕਟਰ



# ਭਰੋਸੇਮੰਦ ਭਾਈਚਾਰਕ ਇਲਾਜ (ACT) ਟੀਮਾਂ ਰਾਹੀਂ ਸਾਡੇ ਭਾਈਚਾਰੇ ਵਿੱਚ ਸੰਵੇਦਨਸ਼ੀਲ ਲੋਕਾਂ ਨੂੰ ਦੇਖਭਾਲ ਮੁਹੱਈਆ ਕਰਾਉਣ ਵਿੱਚ ਮੁਢਲੀ ਕਾਮਯਾਬੀ

ਵੈਨਕੂਵਰ ਕੋਸਟਲ ਹੈਲਥ ਉਹਨਾਂ ਲੋਕਾਂ ਨੂੰ ਭਾਈਚਾਰੇ ਅਧਾਰਿਤ ਅਤੇ ਭਾਈਚਾਰੇ ਨੂੰ ਧਿਆਨ ਵਿੱਚ ਰਖਕੇ ਦੇਖਭਾਲ ਦੇਣ ਵਿੱਚ ਸਭ ਤੋਂ ਅੱਗੇ ਰਹੀ ਹੈ, ਜਿਹਨਾਂ ਨੂੰ ਉਹਨਾਂ ਦੀ ਸੰਵੇਦਨਸ਼ੀਲ ਸਥਿਤੀ ਨੂੰ ਵੇਖਦਿਆਂ ਭਰੋਸੇਮੰਦ ਭਾਈਚਾਰਕ ਇਲਾਜ (Assertive Community Treatment, ACT) ਵਾਲ਼ੀਆਂ ਸੱਤ ਟੀਮਾਂ ਵਲੋਂ ਦਿੱਤੀਆਂ ਜਾਣ ਵਾਲ਼ੀਆਂ ਸੇਵਾਵਾਂ ਰਾਹੀਂ ਉੱਚ-ਪੱਧਰੀ ਅਤੇ ਵਾਰ-ਵਾਰ ਲੋੜੀਂਦੀ ਸੇਵਾ ਮੁਹੱਈਆ ਕਰਾਈ ਜਾਂਦੀ ਹੈ।

ਭਰੋਸੇਮੰਦ ਭਾਈਚਾਰਕ ਇਲਾਜ (ACT) ਤੱਥਾਂ-ਅਧਾਰਿਤ ਸੇਵਾ ਦੇਣ ਵਾਲ਼ਾ ਇੱਕ ਮਾਡਲ ਹੈ, ਜੋ ਮਾਨਸਿਕ ਬਿਮਾਰੀ ਦੇ ਹਸਪਤਾਲ ਵਿੱਚ ਭਰਤੀ ਹੋਣ ਦੇ ਭਾਈਚਾਰਕ ਬਦਲ ਵਜੋਂ ਟੀਮ-ਅਧਾਰਿਤ ਦੇਖਭਾਲ ਦੀ ਵਰਤੋਂ ਕਰਦਿਆਂ ਇਲਾਜ, ਮੁੜ-ਵਸੇਬੇ ਅਤੇ ਸਹਾਇਤਾ ਸੇਵਾਵਾਂ ਨੂੰ ਜੋੜਦਾ ਹੈ। ਇਹ ਟੀਮਾਂ ਗੰਭੀਰ ਅਤੇ ਸਥਾਈ ਮਾਨਸਿਕ ਸਿਹਤ ਅਤੇ/ਜਾਂ ਨਸ਼ੀਲੇ ਪਦਾਰਥਾਂ ਦੀ ਵਰਤੋਂ ਨਾਲ ਜੁੜੀਆਂ ਵੰਗਾਰਾਂ, ਜਿਹਨਾਂ ਨੂੰ ਆਮ ਬਾਹਰੀ ਮਰੀਜ਼ ਸਬੰਧੀ ਸੇਵਾਵਾਂ ਤੋਂ ਲਾਭ ਨਹੀਂ ਹੁੰਦਾ, ਨਾਲ ਜ਼ਿੰਦਗੀ ਜੀਉਣ ਵਾਲ਼ੇ ਲੋਕਾਂ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਲਈ ਇੰਟੈਸਿਵ, ਖ਼ਾਸ ਅਤੇ ਲਗਾਤਾਰ ਦਿੱਤੀਆਂ ਜਾਣ ਵਾਲ਼ੀਆਂ ਸੇਵਾਵਾਂ ਮੁਹੱਈਆ ਕਰਦੀਆਂ ਹਨ।



*ਭਰੋਸੇਮੰਦ ਭਾਈਚਾਰਕ ਇਲਾਜ (ACT) ਟੀਮਾਂ ਗੰਭੀਰ ਅਤੇ ਸਥਾਈ ਮਾਨਸਿਕ ਸਿਹਤ ਅਤੇ/ਜਾਂ ਨਸ਼ੀਲੇ ਪਦਾਰਥਾਂ ਦੀ ਵਰਤੋਂ ਨਾਲ ਜੁੜੀਆਂ ਵੰਗਾਰਾਂ ਨਾਲ ਜ਼ਿੰਦਗੀ ਜੀਉਣ ਵਾਲ਼ੇ ਲੋਕਾਂ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਲਈ ਇੰਟੈਸਿਵ, ਖ਼ਾਸ ਅਤੇ ਲਗਾਤਾਰ ਦਿੱਤੀਆਂ ਜਾਣ ਵਾਲ਼ੀਆਂ ਸੇਵਾਵਾਂ ਮੁਹੱਈਆ ਕਰਦੀਆਂ ਹਨ।*

*"ਭਰੋਸੇਮੰਦ ਭਾਈਚਾਰਕ ਇਲਾਜ (ACT) ਟੀਮਾਂ, ਉਹਨਾਂ ਕਲਾਇੰਟਾਂ ਦੀ ਮਦਦ ਕਰਦੀਆਂ ਹਨ, ਜੋ ਕਿਸੇ ਹੋਰ ਢੰਗ ਨਾਲ ਆਮ ਰਾਹ ਤੋਂ ਇਧਰ-ਉਧਰ ਹੋ ਸਕਦੇ ਹਨ ਅਤੇ ਜਿਸ ਵੇਲੇ ਰਵਾਇਤੀ ਸਿਹਤ ਸੈਟਿੰਗਾਂ ਦੀ ਗੱਲ ਆਉਂਦੀ ਹੈ, ਤਾਂ ਉਹ ਅਰਾਮ ਅਤੇ ਜ਼ਰੂਰਤ ਦੇ ਵੱਖ-ਵੱਖ ਪੱਧਰਾਂ ਦੀ ਗੱਲ ਕਰਦੇ ਹਨ। ਲਚੀਲਾਪਨ, ਭਾਈਚਾਰਕ-ਭਾਈਵਾਲੀ ਅਤੇ ਹੁੰਗਾਰਾ ਦੇਣ ਵਾਲ਼ੀ ਥਾਂ ਤੋਂ ਕੰਮ ਕਰਨ ਦੀ ਸਾਡੀ ਸਮਰੱਥਾ, ਗਾਹਕ ਨੂੰ ਉਸ ਦੀ ਜ਼ਰੂਰਤ ਦੇ ਹਿਸਾਬ ਨਾਲ ਆਪਣੀਆਂ ਸੇਵਾਵਾਂ ਦੇਣ ਵਿੱਚ ਮਦਦ ਕਰਦੀ ਹੈ, ਜਿੱਥੇ ਗਾਹਕ ਮੌਜੂਦ ਹੁੰਦਾ ਹੈ ਅਤੇ ਭਾਈਚਾਰੇ, ਭਰਤੀ ਮਰੀਜ਼ ਅਤੇ ਤੀਜੇ ਦਰਜੇ ਦੀਆਂ ਸੈਟਿੰਗਾਂ ਵਿੱਚ ਉਹਨਾਂ ਦੀਆਂ ਤਬਦੀਲੀਆਂ ਵਿੱਚ ਉਹਨਾਂ ਦੀ ਮਦਦ ਕਰਦੀਆਂ ਹਨ।"*

Kiran Dhaliwal | ਵੈਨਕੂਵਰ ਭਰੋਸੇਮੰਦ ਭਾਈਚਾਰਕ ਇਲਾਜ (ACT) ਮੈਨੇਜਰ



*ਵੀ ਸੀ ਐਚ (VCH) ਉਹਨਾਂ ਲੋਕਾਂ ਨੂੰ ਭਾਈਚਾਰੇ ਅਧਾਰਿਤ ਅਤੇ ਭਾਈਚਾਰੇ ਨੂੰ ਧਿਆਨ ਵਿੱਚ ਰਖਕੇ ਦੇਖਭਾਲ ਦਿੰਦੀ ਹੈ, ਜਿਹਨਾਂ ਨੂੰ ਉਹਨਾਂ ਦੀ ਸੰਵੇਦਨਸ਼ੀਲ ਸਥਿਤੀ ਨੂੰ ਵੇਖਦਿਆਂ ਭਰੋਸੇਮੰਦ ਭਾਈਚਾਰਕ ਇਲਾਜ (ACT) ਦੀਆਂ ਸੱਤ ਟੀਮਾਂ ਵਲੋਂ ਦਿੱਤੀਆਂ ਜਾਣ ਵਾਲ਼ੀਆਂ ਸੇਵਾਵਾਂ ਰਾਹੀਂ ਉੱਚ-ਪੱਧਰੀ ਅਤੇ ਵਾਰ-ਵਾਰ ਲੋੜੀਂਦੀ ਸੇਵਾ ਮੁਹੱਈਆ ਕਰਾਈ ਜਾਂਦੀ ਹੈ।*

ਰੈਪ ਅਰਾਉਂਡ ਸੇਵਾਵਾਂ (ਗੰਭੀਰ ਮਾਨਸਿਕ ਸਿਹਤ ਜਾਂ ਵਿਹਾਰ ਸਬੰਧੀ ਵੰਗਾਰਾਂ ਦਾ ਮੁਕਾਬਲਾ ਕਰਨ ਵਾਲ਼ੇ ਬੱਚਿਆਂ ਜਾਂ ਨੌਜੁਆਨਾਂ ਨੂੰ ਵਿਆਪਕ, ਸਮੁੱਚੀ, ਨੌਜੁਆਨਾਂ ਅਤੇ ਪਰਿਵਾਰ ਵਲੋਂ ਕੀਤੀ ਜਾਣ ਵਾਲ਼ੀ ਮਦਦ) ਦੇਣ ਲਈ ਭਰੋਸੇਮੰਦ ਭਾਈਚਾਰਕ ਇਲਾਜ (ACT) ਅੰਤਰ-ਅਨੁਸ਼ਾਸਨੀ ਟੀਮ ਵਾਲ਼ੇ ਨਜ਼ਰੀਏ ਦੀ ਵਰਤੋਂ ਕਰਦੀ ਹੈ। ਸਟਾਫ਼ ਕਈ ਅਨੁਸ਼ਾਸਨਾਂ ਦੀ ਨੁਮਾਇੰਦਗੀ ਕਰਦਾ ਹੈ, ਇਸ ਵਿੱਚ ਨਰਸਿੰਗ, ਸੋਸ਼ਲ ਵਰਕ, ਆਕਿਉਪੇਸ਼ਨਲ ਥੈਰੇਪੀ, ਕਿੱਤਾਮੁਖੀ ਮੁੜ-ਵਸੇਬਾ ਜਾਂ ਮਨੋਰੰਜਕ ਥੈਰੇਪੀ, ਸਹਿਯੋਗੀ ਦੀ ਸਹਾਇਤਾ ਅਤੇ ਮਨੋ-ਚਿਕਿਤਸਾ ਸ਼ਾਮਿਲ ਹੁੰਦੀ ਹੈ। ਭਰੋਸੇਮੰਦ ਭਾਈਚਾਰਕ ਇਲਾਜ (ACT) ਲਈ B.C. ਦੇ ਸੂਬਾਈ ਮਿਆਰਾਂ ਵਿੱਚ ਇਹਨਾਂ ਕਾਰਜਾਂ ਦੀ ਪਛਾਣ ਕੀਤੀ ਜਾਂਦੀ ਹੈ, ਕਿਉਂਕਿ ਸਮੁੱਚੀ ਸੰਭਾਲ ਮੁਹੱਈਆ ਕਰਨ ਲਈ ਭਾਈਚਾਰਕ ਏਜੰਸੀਆਂ ਨਾਲ ਕੰਮ ਕਰਨ ਦੀ ਆਪਣੀ ਅਹਿਮੀਅਤ ਹੁੰਦੀ ਹੈ। ਟੀਮ ਦੇ ਮੈਂਬਰ ਵਿਆਪਕ ਮੁਲਾਂਕਣ ਕਰਨ, ਕਲਾਇੰਟ ਲਈ ਦੇਖਭਾਲ ਸਬੰਧੀ ਪਲਾਨ ਬਣਾਉਣ ਲਈ ਪਰਿਵਾਰ/ਕੇਅਰਗਿਵਰਾਂ ਅਤੇ ਸਰਗਰਮ ਭਾਈਵਾਲਾਂ ਵਜੋਂ ਕਲਾਇੰਟ ਨਾਲ ਮਿਲਕੇ ਕੰਮ ਕਰਦੇ ਹਨ ਅਤੇ ਪਲਾਨ ਲਾਗੂ ਕਰਨ ਅਤੇ ਉਸਦੀ ਨਿਗਰਾਨੀ ਕਰਨ ਲਈ ਸਾਂਝੇ ਤੌਰ 'ਤੇ ਜ਼ਿੰਮੇਵਾਰ ਹਨ।

## ਵੈਨਕੂਵਰ ਵਿੱਚ **ACT** ਦੀਆਂ **6** ਟੀਮਾਂ



## ਰਿਚਮੰਡ ਵਿੱਚ **ACT** ਦੀ ਨਵੀਂ ਟੀਮ



2020 ਵਿੱਚ ਵੀ ਸੀ ਐਚ (VCH) ਨੂੰ ਵੈਨਕੂਵਰ ਵਿੱਚ ਏ ਸੀ ਟੀ (ACT) ਦੀ ਛੇਵੀਂ ਏ ਸੀ ਟੀ (ACT) ਟੀਮ ਅਤੇ ਏ ਸੀ ਟੀ (ACT) ਦੀ ਇੱਕ ਨਵੀਂ ਟੀਮ ਰਿਚਮੰਡ ਨੂੰ ਚਲਾਉਣ ਲਈ ਸਿਹਤ ਮਹਿਕਮੇ ਰਾਹੀਂ ਵਾਧੂ ਰਕਮਾਂ ਮਿਲੀਆਂ ਸਨ। ਦੋਵੇਂ ਨਵੀਆਂ ਟੀਮਾਂ ਵਿੱਚ ਮਾਨਸਿਕ ਸਿਹਤ ਵੰਗਾਰਾਂ ਵਾਲ਼ੇ ਉਹਨਾਂ ਕਲਾਇੰਟਾਂ ਨੂੰ ਸੇਵਾਵਾਂ ਮੁਹੱਈਆ ਕਰਾਉਣ ਦੀ ਸਮਰੱਥਾ ਹੈ, ਜੋ ਉੱਚ ਸੂਖਮਤਾ/ਜ਼ਰੂਰਤਾਂ ਦੇ ਬਾਵਜੂਦ ਰਵਾਇਤੀ ਬਾਹਰੀ ਮਰੀਜ਼ ਦੀਆਂ ਸੇਵਾਵਾਂ ਵਿੱਚ ਸ਼ਾਮਿਲ ਨਹੀਂ ਹੋ ਰਹੇ, ਪੂਰੇ ਜਾਂ ਢੁਕਵੇਂ ਬੇਘਰਪੁਣੇ ਦਾ ਸਾਹਮਣਾ ਕਰ ਰਹੇ ਹਨ ਅਤੇ/ਜਾਂ ਨਸ਼ੇ ਦੀ ਵਾਧੂ ਖ਼ੁਰਾਕ ਲੈਣ ਦੇ ਉੱਚ ਜੋਖਮ 'ਤੇ ਹਨ।

ਕੋਵਿਡ-19 ਮਹਾਂ-ਮਾਰੀ, ਓਪੀਓਇਡ ਵਬਾ ਅਤੇ ਹਾਊਸਿੰਗ ਸੰਕਟ ਵਿਚਕਾਰ ਵੀ ਸੀ ਐਚ (VCH) ਦੀਆਂ ਏ ਸੀ ਟੀ (ACT) ਸਬੰਧੀ ਸੇਵਾਵਾਂ ਦਾ ਪਸਾਰ ਸਾਡੇ ਭਾਈਚਾਰੇ ਵਿਚ ਰਹਿਣ ਵਾਲ਼ੇ ਕੁਝ ਸਭ ਤੋਂ ਸੰਵੇਦਨਸ਼ੀਲ ਲੋਕਾਂ ਨੂੰ ਦੇਖਭਾਲ ਦੇਣ ਵਿੱਚ ਸਹਾਇਕ ਰਿਹਾ ਹੈ, ਨਾ ਸਿਰਫ਼ ਗਾਹਕਾਂ ਦੀਆਂ ਸਾਰੀਆਂ ਜ਼ਰੂਰਤਾਂ ਲਈ, ਬਲਕਿ ਉਹਨਾਂ ਦੇ ਭਾਈਚਾਰਿਆਂ ਦੀਆਂ ਸਾਹਮਣੇ ਆ ਰਹੀਆਂ ਜ਼ਰੂਰਤਾਂ ਲਈ ਵੀ ਜਵਾਬਦੇਹ ਹੈ।



# ਹਮੇਸ਼ਾ ਸਿੱਖਣਾ



# ਵਰਚੁਅਲ ਪ੍ਰੋਗਰਾਮ, ਸੂਬੇ ਭਰ ਵਿੱਚ ਦੌਰਾ ਪੈਣ ਸਬੰਧੀ ਮੁੜ-ਵਸੇਬੇ ਦਾ ਪਸਾਰ ਕਰਦਾ ਹੈ

ਬ੍ਰਿਟਿਸ਼ ਕੋਲੰਬੀਆ ਦੇ ਲਗਭਗ 4,900 ਲੋਕਾਂ ਨੂੰ ਪਿਛਲੇ ਸਾਲ ਦੌਰਾ ਪੈਣ ਦਾ ਸਾਹਮਣਾ ਕਰਨਾ ਪਿਆ ਸੀ। ਹਸਪਤਾਲ ਵਿੱਚ ਇਲਾਜ ਕਰਨ ਅਤੇ ਦੇਖਭਾਲ ਤੋਂ ਬਾਅਦ, ਕਈ ਲੋਕਾਂ ਨੂੰ ਆਪਣੀ ਰਿਕਵਰੀ ਦੇ ਸਭ ਤੋਂ ਵੱਧ ਵੰਗਾਰ ਵਾਲ਼ੇ ਪੜਾਅ – ਘਰ ਜਾਣ ਦਾ ਸਾਹਮਣਾ ਕਰਨਾ ਪੈਂਦਾ ਹੈ। ਚਾਣਚੱਕ, ਆਪਣੇ ਦੰਦ ਸਾਫ਼ ਕਰਨ ਲਈ ਬਰੁਸ਼ ਕਰਨ, ਕਮੀਜ਼ ਦੇ ਬਟਨ ਲਾਉਣ ਜਾਂ ਖਾਣ-ਪੀਣ ਵਰਗੇ ਬੁਨਿਆਦੀ ਕੰਮ ਕਰਨੇ ਔਖੇ ਲੱਗ ਸਕਦੇ ਹਨ। ਡਾਕਟਰ ਜੈਨਿਸ ਇੰਗ, GF ਸਟ੍ਰੌਂਗ ਅਤੇ ਕੈਨੇਡਾ ਖੋਜ ਵਿਖੇ ਮੁੜ-ਵਸੇਬਾ ਖੋਜ (Rehabilitation Research Program) ਬਾਰੇ ਪ੍ਰੋਗਰਾਮ ਬਾਰੇ ਡਾਇਰੈਕਟਰ ਅਤੇ ਯੂ ਬੀ ਸੀ (UBC Physical Therapy)) ਦੇ ਫ਼ਿਜ਼ੀਕਲ ਥੈਰੇਪੀ ਵਿਭਾਗ ਵਿੱਚ ਚੇਅਰਪਰਸਨ ਨੇ ਇੱਕ, ਅਜਿਹਾ ਪ੍ਰੋਗਰਾਮ ਬਣਾਇਆ ਹੈ, ਜਿਸ ਨਾਲ ਮਦਦ ਮਿਲ ਸਕਦੀ ਹੈ।




ਦੌਰਾ ਪੈਣ ਤੋਂ ਬਾਅਦ ਲੋਕਾਂ ਨੂੰ ਅਕਸਰ ਹੱਥ ਦੀ ਤਾਕਤ ਅਤੇ ਪੁੱਠੇ ਦੀਆਂ ਮੁਹਾਰਤਾਂ ਦੇ ਸੁਮੇਲ ਸਬੰਧੀ ਵੰਗਾਰਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਡਾਕਟਰ ਇੰਗ ਨੇ ਇਹਨਾਂ ਵੰਗਾਰਾਂ ਨੂੰ ਆਪਣੀ 20-ਸਾਲ ਤੋਂ ਵੱਧ ਦੀ ਖੋਜ ਅਤੇ ਉਹਨਾਂ ਮਰੀਜ਼ਾਂ ਦੀ ਦੇਖਭਾਲ ਕਰਨ ਦੌਰਾਨ ਵੇਖਿਆ ਹੈ, ਜਿਹਨਾਂ ਨੂੰ ਦੌਰਾ ਪਿਆ ਸੀ। ਇਸ ਗੱਲ ਨੇ ਉਹਨਾਂ ਨੂੰ **ਦਰਜੇਬੰਦੀ ਵਾਲ਼ਾ ਦੁਹਰਾਅ ਸਬੰਧੀ ਸਹਾਇਕ ਪੂਰਕ ਪ੍ਰੋਗਰਾਮ** (Graded Repetitive Arm Supplementary Program, GRASP) **ਬਣਾਉਣ ਲਈ ਪ੍ਰੇਰਿਆ**, ਇਹ ਇੱਕ ਰਿਕਵਰੀ ਪ੍ਰੋਗਰਾਮ ਹੈ, ਜਿਸਦੀ ਇਸ ਸਮੇਂ ਦੁਨੀਆ ਭਰ ਵਿੱਚ 5,000 ਤੋਂ ਵੱਧ ਸਾਈਟਾਂ 'ਤੇ ਵਰਤੋਂ ਕੀਤੀ ਜਾਂਦੀ ਹੈ।

*"ਜਿੰਨੀ ਛੇਤੀ ਸੰਭਵ ਹੋਵੇ, ਮੁੜ-ਵਸੇਬਾ ਪ੍ਰੋਗਰਾਮਾਂ ਨੂੰ ਸ਼ੁਰੂ ਕਰਨ ਦੀ ਆਪਣੀ ਅਹਿਮੀਅਤ ਹੈ, ਇਸ ਲਈ ਅਸੀਂ ਇਹਨਾਂ ਨੂੰ ਖ਼ਾਸ ਤੌਰ 'ਤੇ ਹਸਪਤਾਲ ਵਿੱਚ ਸ਼ੁਰੂ ਕੀਤਾ ਗਿਆ ਹੈ, ਜਦੋਂ ਅਸੀਂ ਰੋਜ਼ ਲਗਭਗ 1,000 ਲੋਕਾਂ ਤੋਂ ਅਭਿਆਸ (ਕਸਰਤਾਂ) ਕਰਾਇਆ ਸੀ। ਦਰਜੇਬੰਦੀ ਵਾਲ਼ਾ ਦੁਹਰਾਅ ਸਬੰਧੀ ਬਾਂਹ ਦਾ ਪੂਰਕ ਪ੍ਰੋਗਰਾਮ (GRASP) ਬਾਰੇ ਤਾਕਤਵਰ ਚੀਜ਼ਾਂ ਵਿੱਚੋਂ ਇੱਕ ਇਹ ਹੈ ਕਿ * ਇਹ ਇੱਕ ਵਿਹਾਰਕ, ਘੱਟ ਲਾਗਤ ਵਾਲ਼ਾ ਪ੍ਰੋਗਰਾਮ ਹੈ, ਜਿਸ ਰਾਹੀਂ ਰਿਕਵਰੀ ਕਰਨਾ ਮਰੀਜ਼ਾਂ ਦੇ ਹੱਥ ਵਿੱਚ ਹੀ ਹੁੰਦਾ ਹੈ।"*

ਡਾਕਟਰ Janice Eng

ਮੂਲ ਤੌਰ ‘ਤੇ ਇਹ ਪ੍ਰੋਗਰਾਮ ਭਾਈਚਾਰੇ ਦੀ ਦੇਖਭਾਲ ਦੀਆਂ ਸੈਟਿੰਗਾਂ ਲਈ ਤਿਆਰ ਕੀਤਾ ਗਿਆ ਹੈ, ਡਾਕਟਰ ਇੰਗ ਅਤੇ ਉਹਨਾਂ ਦੀ ਟੀਮ ਨੇ ਮਹਾਂ-ਮਾਰੀ ਹੇਠ ਆਉਣ ਵੇਲੇ ਦੂਰ-ਦੁਰਾਡਿਓਂ, ਵਰਚੁਅਲ ਡਿਲੀਵਰੀ ਲਈ ਚਾਰ ਹਫ਼ਤੇ ਲਈ ਦਰਜੇਬੰਦੀ ਵਾਲ਼ਾ ਦੁਹਰਾਅ ਸਬੰਧੀ ਬਾਂਹ ਦਾ ਪੂਰਕ ਪ੍ਰੋਗਰਾਮ (GRASP) ਅਪਣਾਇਆ ਸੀ। ਪ੍ਰੋਗਰਾਮ ਵਿੱਚ ਵਰਚੁਅਲ ਤੌਰ ‘ਤੇ ਹਿੱਸਾ ਲੈਣ ਦੇ ਸਮਰੱਥ ਹੋਣ ਕਰਕੇ ਸੂਬੇ ਦੇ ਦੂਰ-ਦੁਰਾਡੇ ਇਲਾਕਿਆਂ ਵਿੱਚ ਰਹਿਣ ਵਾਲ਼ੇ ਬ੍ਰਿਟਿਸ਼ ਕੋਲੰਬੀਆ ਦੇ ਹਜ਼ਾਰਾਂ ਲੋਕਾਂ ਨੂੰ ਵਿਸ਼ਵ-ਪੱਧਰੀ ਮੁੜ-ਵਸੇਬੇ ਸਬੰਧੀ ਇਲਾਜ ਤੱਕ ਪਹੁੰਚ ਕਰਨ ਵਿੱਚ ਮਦਦ ਮਿਲੀ ਹੈ। ਡਾਕਟਰ ਇੰਗ ਅਨੁਸਾਰ, ਇਹ ਵਰਚੁਅਲ ਪ੍ਰੋਗਰਾਮ ਮਰੀਜ਼ਾਂ ਵਲੋਂ ਉਹਨਾਂ ਹੋਰਨਾਂ ਲੋਕਾਂ ਨਾਲ ਮਿਲਦਿਆਂ ਹੋਇਆਂ, ਘਰ ਵਿੱਚ ਹੀ ਰਿਕਵਰੀ ਕਰਨ ਵਿੱਚ ਮਦਦ ਕਰਦਾ ਹੈ, ਜੋ ਉਹਨਾਂ ਵਰਗੇ ਹੀ ਹਨ, ਜੋ ਕਿ ਕਾਫ਼ੀ ਪ੍ਰੇਰਣਾ ਦੇਣ ਵਾਲ਼ਾ ਵੀ ਹੋ ਸਕਦਾ ਹੈ।







*“ਵਿਅਕਤੀਗਤ ਇਲਾਜ ਦੇ ਸੈਸ਼ਨਾਂ ਦੌਰਾਨ ਆਕਿਉਪੇਸ਼ਨਲ ਥੈਰੇਪਿਸਟਾਂ ਵਲੋਂ ਦਿੱਤੇ ਜਾਣ ਵਾਲ਼ੇ ਖ਼ਾਸ ਇਲਾਜ ਲਈ ਦਰਜੇਬੰਦੀ ਵਾਲ਼ਾ ਦੁਹਰਾਅ ਸਬੰਧੀ ਬਾਂਹ ਦਾ ਪੂਰਕ ਪ੍ਰੋਗਰਾਮ (GRASP) ਇੱਕ ਬੇਮਿਸਾਲ ਮਦਦਗਾਰ ਹੈ। ਇਹ ਕਲਾਇੰਟਾਂ ਨੂੰ ਇਲਾਜ ਅਤੇ ਪ੍ਰੈਕਟਿਸ ਦੌਰਾਨ ਪ੍ਰਾਪਤ ਕੀਤੀਆਂ ਗਈਆਂ ਮੁਹਾਰਤਾਂ ਤਿਆਰ ਕਰਨ ਦਿੰਦਾ ਹੈ – ਜੋ ਕਿ ਬਹੁਤ ਹੀ ਕਾਰਜਾਤਮਕ, ਸਿਲਸਿਲੇਬੱਧ ਤਰੀਕੇ ਵਿੱਚ ਅਸਲ ਦੁਨੀਆ ਦੇ ਕਾਰਜ ਹਨ, ਜਿਸਨੇ ਉਹਨਾਂ ਦੇ ਉਪਰਲੇ ਸਿਰੇ ਦੇ ਕਾਰਜਾਤਮਕ ਟੀਚੇ ਹਾਸਿਲ ਕਰਨ ਵਿੱਚ ਹਿੱਸਾ ਪਾਇਆ ਹੈ।”*

Nancy Forset | ਆੱਕਿਉਪੇਸ਼ਨਲ ਥੈਰੇਪੀ (Occupational Therapy) ਦੀ ਪ੍ਰੈਕਟਿਸ ਬਾਰੇ ਕੋਆੱਰਡੀਨੇਟਰ

ਦਰਜੇਬੰਦੀ ਵਾਲ਼ਾ ਦੁਹਰਾਅ ਸਬੰਧੀ ਬਾਂਹ ਦਾ ਪੂਰਕ ਪ੍ਰੋਗਰਾਮ (GRASP) ਦੇ ਵੀਡੀਓ, ਹੱਥ-ਪੁਸਤਿਕਾਵਾਂ ਅਤੇ ਪ੍ਰੋਗਰਾਮ ਬਾਰੇ ਜਾਣਕਾਰੀ **ਮੈਡੀਸਨ ਵੈਬ ਸਾਈਟ ਦੀ UBC ਫ਼ੈਕਲਿਟੀ ‘ਤੇ ਉਪਲਬਧ ਹੈ.**

ਏ ਐਮ ਆਈ (Accessible Media Inc, AMI), ਮੁਲਾਫ਼ਾ ਨਾ ਕਮਾਉਣ ਵਾਲ਼ੀ ਮੀਡੀਆ ਕੰਪਨੀ ਨੇ ਵੀ ਸੀ ਐਚ (VCH) ਦੇ GF ਸਟ੍ਰੌਂਗ ਮੁੜ-ਵਸੇਬਾ ਸੈਂਟਰ ਵਿਖੇ ਮਰੀਜ਼ਾਂ ਬਾਰੇ **“ਅਗਲਾ ਰਾਹ (The Road Ahead)”** ਨਾਂ ਦੀ ਦਸਤਾਵੇਜ਼ੀ ਫ਼ਿਲਮ ਬਣਾਈ ਹੈ, ਜਿਸ ਵਿੱਚ ਕੈਨੇਡਾ ਵਿੱਚ ਰੀੜ੍ਹ ਦੀ ਹੱਡੀ ਦੀ ਸੱਟ ਅਤੇ ਦਿਮਾਗ਼ ਦੀ ਗੰਭੀਰ ਸੱਟ ਸਬੰਧੀ ਬਿਹਤਰੀਨ ਮੁੜ-ਵਸੇਬਾ ਪ੍ਰੋਗਰਾਮਾਂ ਵਿੱਚੋਂ ਕੁਝ ਦਿੱਤੇ ਗਏ ਹਨ।



# ਬੈਕਟੀਰੀਆ ਦਾ ਮੁਕਾਬਲਾ ਕਰਨ ਲਈ ਤਾਂਬੇ ਦੀ ਵਰਤੋਂ ਕਰਨਾ

ਵੀ ਸੀ ਐਚ (VCH) ਵਿੱਚ ਲੋਕਾਂ ਨੂੰ ਸੁਰੱਖਿਅਤ ਅਤੇ ਸਿਹਤਮੰਦ ਬਣਾਈ ਰੱਖਣ ਲਈ ਨਵੀਂ ਕਾਢ ਦੀ ਵਰਤੋਂ ਕਰਨ ਨੂੰ ਤਰਜੀਹ ਦਿੱਤੀ ਜਾਂਦੀ ਹੈ, ਇਸ ਕਰਕੇ ਅਸੀਂ ਟ੍ਰਾਂਸਪੋਰਟ ਦੀਆਂ ਸਭ ਤੋਂ ਵੱਧ ਛੂਹੀਆਂ ਜਾਣ ਵਾਲ਼ੀਆਂ ਸਤਿਹਾਂ 'ਤੇ ਬੈਕਟੀਰੀਆ ਖ਼ਤਮ ਕਰਨ ਲਈ ਤਾਂਬੇ ਦੀ ਪ੍ਰਭਾਵਕਤਾ ਦੀ ਪਰਖ ਕਰਨ ਵਾਸਤੇ ਆਪਣੀ ਕਿਸਮ ਦੇ ਪਹਿਲੇ ਮੁੱਖ ਪ੍ਰੋਜੈਕਟ ਬਾਰੇ ਟੈਕ ਰਿਸੋਰਸਿਜ਼ (Teck Resources) ਅਤੇ ਟ੍ਰਾਂਸਲਿੰਕ (TransLink) ਨਾਲ ਭਾਈਵਾਲੀ ਕੀਤੀ ਹੈ।

ਪ੍ਰੋਜੈਕਟ ਦੇ ਪੜਾਅ ਇੱਕ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ ਤਾਂਬਾ ਟ੍ਰਾਂਸਪੋਰਟ ਦੀਆਂ ਸਤਿਹਾਂ 'ਤੇ 99.9 ਫੀਸਦੀ ਬੈਕਟੀਰੀਆ ਖ਼ਤਮ ਕਰ ਸਕਦਾ ਹੈ, ਜੋ ਕਿ ਵੀ ਸੀ ਐਚ (VCH) ਦੀਆਂ ਲੈਬੋਰੇਟਰੀ ਅਤੇ ਹਸਪਤਾਲ ਦੀਆਂ ਸੈਟਿੰਗਾਂ ਦੇ ਪਿਛਲੇ ਨਤੀਜਿਆਂ ਨਾਲ ਮੇਲ ਖਾਂਦੇ ਹਨ। ਸਤੰਬਰ ਵਿੱਚ ਸ਼ੁਰੂ ਕੀਤੇ ਗਏ ਪੜਾਅ ਦੋ ਨੇ ਅੱਗੇ ਚੱਲਕੇ ਇਸ ਗੱਲ ਦਾ ਪਤਾ ਲਾਇਆ ਹੈ ਕਿ ਤਾਂਬਾ – ਇੱਕ ਨਜ਼ਰ ਆਉਣ ਵਾਲ਼ਾ, ਲਾਗ ਦੀ ਰੋਕਥਾਮ ਕਰਨ ਵਾਲ਼ਾ ਇੱਕ ਠੋਸ ਉਪਾਅ - ਲੋਕਾਂ ਦੀ ਸੁਰੱਖਿਆ ਨੂੰ ਕਿਵੇਂ ਵਧਾ ਸਕਦਾ ਹੈ। ਇਹ ਅਸਲ-ਦੁਨੀਆ ਦੀ ਪਰਖ ਅਤੇ ਇਸਦੀ ਵਰਤੋਂ ਸਿਹਤ-ਸੰਭਾਲ ਨਾਲ ਜੁੜੀਆਂ ਨਵੀਆਂ ਕਾਢਾਂ ਨੂੰ ਅੱਗੇ ਵਧਾਉਂਦਾ ਹੈ ਅਤੇ ਇਸਦਾ ਉਦੇਸ਼ ਲੋਕਾਂ ਦੀ ਸਿਹਤ ਨੂੰ ਵਧਾਉਣਾ ਅਤੇ ਸਾਡੀਆਂ ਸਾਂਝੀਆਂ ਥਾਂਵਾਂ ਦੀ ਰਾਖੀ ਕਰਨ ਵਿੱਚ ਲੋਕਾਂ ਦਾ ਭਰੋਸਾ ਬਹਾਲ ਕਰਨਾ ਹੈ।



ਵੀ ਸੀ ਐਚ (VCH) ਨੇ ਵੈਨਕੂਵਰ ਜਨਰਲ ਹਸਪਤਾਲ ਦੀ ਮੈਡੀਕਲ ਮਾਈਕ੍ਰੋਬਾਇਓਲਾਜੀ ਲੈਬ ਵਿੱਚ ਤਾਂਬੇ ਦੇ ਨਮੂਨੇ 'ਤੇ ਰੋਗਾਣੂ-ਰੋਧਕ ਟੈਸਟਿੰਗ ਕੀਤੀ ਹੈ।



ਅਸੀਂ ਟ੍ਰਾਂਸਪੋਰਟ ਦੀਆਂ ਸਭ ਤੋਂ ਵੱਧ ਛੂਹੀਆਂ ਜਾਣ ਵਾਲ਼ੀਆਂ ਥਾਵਾਂ 'ਤੇ ਤਾਂਬੇ ਦੀ ਵਰਤੋਂ ਕੀਤੀ ਹੈ

ਤਾਂਬਾ ਸਤਹਿ ਦੇ

**99.9%**

ਬੈਕਟੀਰੀਆ

ਖ਼ਤਮ ਕਰਦਾ ਹੈ

ਵੀ ਸੀ ਐਚ (VCH) ਵਲੋਂ ਤਾਂਬੇ ਦੀ ਰੋਗਾਣੂ-ਰੋਧਕ ਏਜੰਟ ਦੇ ਤੌਰ 'ਤੇ ਖੋਜ ਚੱਲ ਰਹੀ ਹੈ। ਵੈਨਕੂਵਰ ਜਨਰਲ ਹਸਪਤਾਲ (Vancouver General Hospital) ਵਿਖੇ ਬੋਨ ਮੈਰੋ ਟ੍ਰਾਂਸਪਲਾਂਟ ਯੂਨਿਟ (Bone Marrow Transplant Unit) ਅਤੇ ਇੰਟੈਂਸਿਵ ਕੇਅਰ ਯੂਨਿਟ (Intensive Care Unit) ਵੈਨਕੂਵਰ ਜਨਰਲ ਹੌਸਪੀਟਲ (VGH) ਵਿੱਚ ਪਿਛਲੇ ਮੁੱਖ ਪ੍ਰੋਜੈਕਟਾਂ ਤੋਂ ਅਲਾਵਾ, ਲਾਇਨਸ ਗੇਟ ਹਸਪਤਾਲ (Lions Gate Hospital) ਵਿਖੇ ਐਮਰਜੈਂਸੀ ਵਿਭਾਗ ਨੂੰ ਫਿਰ ਤੋਂ ਤਿਆਰ ਕੀਤਾ ਗਿਆ ਹੈ। ਇਸ ਵਿੱਚ ਹੁਣ ਬਹੁਤ ਜ਼ਿਆਦਾ ਛੂਹੀਆਂ ਜਾਣ ਵਾਲ਼ੀਆਂ ਥਾਵਾਂ, ਜਿਵੇਂ IV ਪੋਲ, ਬਿਸਤਰੇ ਦੇ ਨਾਲ ਰੱਖੀਆਂ ਜਾਣ ਵਾਲ਼ੀਆਂ ਮੇਜ਼ਾਂ, ਬੂਹੇ ਦੇ ਹੈਂਡਲ ਅਤੇ ਟਾਇਲਟ ਦੀਆਂ ਸੀਟਾਂ ਦੇ ਨਾਲ ਹੀ ਲਾਗ ਨੂੰ ਕੰਟ੍ਰੋਲ ਵਿੱਚ ਰੱਖਣ ਵਾਲ਼ੇ ਡੂੰਘੇ ਸਿੰਕ, ਮੋਸ਼ਨ- ਸੈਂਸਰ ਟਾਇਲਟ ਅਤੇ ਅਲਟ੍ਰਾਵਾਇਲਟ ਸੈਂਸਰਾਂ 'ਤੇ ਲਾਈਆਂ ਗਈਆਂ ਤਾਂਬੇ ਦੀਆਂ ਸਤਿਹਾਂ ਆਪਣੇ ਆਪ ਕੀਟਾਣੂਆਂ ਨੂੰ ਖ਼ਤਮ ਕਰਨ ਵਾਲ਼ੀ ਸਹੂਲਤ ਹੈ– ਇਹ ਸਭ ਲੰਮੇ ਸਮੇਂ ਤੋਂ ਚਲੇ ਆ ਰਹੇ ਸਫ਼ਾਈ ਕਰਨ ਦੇ ਤਰੀਕੇ ਅਤੇ ਕੀਟਾਣੂ ਖ਼ਤਮ ਕਰਨ ਦੇ ਪੂਰਕ ਉਪਾਅ ਹਨ, ਜੋ ਮਰੀਜ਼ਾਂ ਲਈ ਸਭ ਤੋਂ ਸੁਰੱਖਿਅਤ ਅਤੇ ਸਭ ਤੋਂ ਸਾਫ਼-ਸੁਥਰਾ ਸੰਭਵ ਚੌਗਿਰਦਾ ਮੁਹੱਈਆ ਕਰਦੇ ਹਨ।

ਲਾਗ ਦੀ ਬਿਹਤਰੀਨ ਰੋਕਥਾਮ ਅਤੇ ਕੰਟ੍ਰੋਲ ਇੰਜੀਨਿਅਰਿੰਗ – ਇਸ ਵਿੱਚ ਤਾਂਬੇ ਦੀਆਂ ਇੰਸਟਾਲੇਸ਼ਨ ਸ਼ਾਮਿਲ ਹਨ – ਨੂੰ ਲਾਇਨਸ ਗੇਟ ਹਸਪਤਾਲ ਦੀ ਨਵੀਂ ਉੱਚ ਸੂਖਮਤਾ ਯੂਨਿਟ ਅਤੇ ਪੂਰੇ ਨਿਊ Paul Myers ਟਾਵਰ ਵਿੱਚ ਸ਼ਾਮਿਲ ਕੀਤਾ ਜਾਏਗਾ।



# ਪੱਛਮੀ ਕੈਨੇਡਾ ਵਿੱਚ ਪਹਿਲੀ ਮਾਣਤਾਪ੍ਰਾਪਤ ਨਿਜੀ ਸੁਰੱਖਿਆ ਉਪਕਰਣ ਬਾਰੇ ਟੈਸਟਿੰਗ ਲੈਬ

ਵੀ ਸੀ ਐਚ (VCH) ਵਿੱਚ ਮਹਾਮਾਰੀ ਨੂੰ ਧਿਆਨ ਵਿੱਚ ਰੱਖਕੇ ਕੀਤੀ ਗਈ ਨਵੀਂ ਕਾਢ ਨੇ ਪੱਛਮੀ ਕੈਨੇਡਾ ਦੀ ਪਹਿਲੇ ਮਾਣਤਾਪ੍ਰਾਪਤ ਨਿਜੀ ਸੁਰੱਖਿਆ ਉਪਕਰਣ ਪੀ ਪੀ ਈ (Personal Protective Equipment, PPE) ਬਾਰੇ ਲੈਬ ਦੀ ਅਗਵਾਈ ਕੀਤੀ ਹੈ, ਜਿਸਨੂੰ ਪੀ ਪੀ ਈ (PPE) ਦੀ ਟੈਸਟਿੰਗ ਕਰਨ ਅਤੇ ਇਸਦੀ ਪੁਸ਼ਟੀ ਕਰਨ ਵਿੱਚ ਮੁਹਾਰਤ ਹਾਸਿਲ ਹੈ। ਇਹ ਲੈਬ ਕੈਨੇਡੀਅਨ ਅਤੇ ਅੰਤਰਰਾਸ਼ਟਰੀ ਮਿਆਰ ਪੂਰੇ ਕਰਦਿਆਂ ਪੀ ਪੀ ਈ (PPE) ਦੀਆਂ ਸਪਲਾਈਆਂ ਨੂੰ ਯਕੀਨੀ ਬਣਾਕੇ ਇਸ ਨਾਲ B.C.- ਅਧਾਰਿਤ ਸਾਈਟ ਤਿਆਰ ਕਰਨ ਤੋਂ ਬਾਅਦ ਕੋਵਿਡ-19 ਤੋਂ ਸਿਹਤ-ਸੰਭਾਲ ਵਰਕਰਾਂ, ਮਰੀਜ਼ਾਂ ਅਤੇ ਆਗੂ ਵਰਕਰਾਂ ਦੀ ਰਾਖੀ ਕਰਨ ਵਿੱਚ ਮਦਦ ਮਿਲੇਗੀ।

ਮਹਾਮਾਰੀ ਦੀ ਸ਼ੁਰੂਆਤ ਹੋਣ 'ਤੇ ਨਿਜੀ ਸੁਰੱਖਿਆ ਸਬੰਧੀ ਉਪਕਰਣ ਲਈ ਆਲਮੀ ਮੰਗ ਵਿੱਚ ਵਾਧਾ ਹੋਇਆ ਸੀ ਅਤੇ ਸਪਲਾਈ ਸਿਲਸਿਲਾ ਬੁਰੀ ਤਰ੍ਹਾਂ ਪ੍ਰਭਾਵਿਤ ਹੋਇਆ ਪਿਆ ਸੀ। B.C. ਨੂੰ ਪੀ ਪੀ ਈ (PPE) ਪ੍ਰਾਪਤ ਕਰਨ, ਸੀਮਤ ਸਪਲਾਈਆਂ ਅਤੇ ਉੱਤਰੀ ਅਮਰੀਕਾ ਵਿਚਲੀਆਂ ਲੈਬਾਂ ਵਿਖੇ ਨਵੀਂ ਪੀ ਪੀ ਈ (PPE) ਦੀ ਟੈਸਟਿੰਗ ਅਤੇ ਪੁਸ਼ਟੀ ਕਰਨ ਵਿੱਚ ਲੱਗਣ ਵਾਲ਼ੇ ਲੰਮੇ ਉਡੀਕ ਸਮਿਆਂ ਕਰਕੇ ਖ਼ਾਸ ਤੌਰ 'ਤੇ N95 ਰੈਸਪੀਰੇਟਰ ਲੈਣ ਵਾਸਤੇ ਵੰਗਾਰਾਂ ਦਾ ਸਾਹਮਣਾ ਕਰਨਾ ਪਿਆ ਸੀ।

ਇਸ ਵੰਗਾਰ ਨਾਲ ਨਜਿੱਠਣ ਲਈ ਵੀ ਸੀ ਐਚ (VCH) ਨੇ B.C. ਸਿਹਤ ਮਹਿਕਮੇ (B.C. Ministry of Health), ਲਾਇਨਸ ਗੇਟ ਹਸਪਤਾਲ ਫ਼ਾਉਂਡੇਸ਼ਨ (Lions Gate Hospital Foundation), VGH ਅਤੇ UBC ਹਸਪਤਾਲ ਫ਼ਾਉਂਡੇਸ਼ਨ (VGH & UBC Hospital Foundation) ਅਤੇ ਸੂਬਾਈ ਸਿਹਤ ਸੇਵਾਵਾਂ ਬਾਰੇ ਅਥਾਰਿਟੀ (Provincial Health Services Authority) ਨਾਲ ਮਿਲਵਰਤਨ ਵਿੱਚ ਕੰਮ ਕਰਦਿਆਂ ਸਿਰਫ਼ ਕੁਝ ਮਹੀਨਿਆਂ ਵਿੱਚ ਪੀ ਪੀ ਈ (PPE) ਟੈਸਟਿੰਗ ਲੈਬ ਤਿਆਰ ਕਰ ਲਈ ਸੀ।

ਇਹ ਲੈਬ ਸੂਬੇ ਅਤੇ ਦੇਸ਼ ਲਈ ਆਰਥਕ ਲਾਭ ਦੇਣ ਵਾਲ਼ਾ ਇੱਕ ਸਥਾਈ ਸ੍ਰੋਤ ਹੈ, ਕਿਉਂਕਿ ਕੈਨੇਡਾ ਦੇ ਮੈਨਿਉਫ਼ੈਕਚਰਰ ਹੁਣ ਪੀ ਪੀ ਈ (PPE) ਉਤਪਾਦਾਂ ਅਤੇ ਸਮਗ੍ਰੀਆਂ ਦਾ ਮੁਲਾਂਕਣ ਕਰਨ ਅਤੇ ਪੁਸ਼ਟੀ ਕਰਨ, ਸਥਾਨਕ ਸਨਅੱਤ ਨੂੰ ਉਤਸ਼ਾਹ ਦੇਣ ਅਤੇ ਘਰੇਲੂ ਪੀ ਪੀ ਈ (PPE) ਸਪਲਾਈ ਵਧਾਉਣ ਲਈ ਇਸ ਸੇਵਾ ਦੀ ਵਰਤੋਂ ਕਰ ਸਕਦੇ ਹਨ।



*ਸਿਹਤ-ਸੰਭਾਲ ਵਰਕਰਾਂ, ਮਰੀਜ਼ਾਂ ਅਤੇ ਆਗੂ ਵਰਕਰਾਂ ਦੀ ਰਾਖੀ ਕਰਨ ਵਿੱਚ ਮਦਦ ਲਈ ਨਵੀਂ ਕਾਢ ਨੇ ਪੱਛਮੀ ਕੈਨੇਡਾ ਦੀ ਪਹਿਲੀ ਮਾਣਤਾਪ੍ਰਾਪਤ ਲੈਬ ਨੇ ਨਿਜੀ ਸੁਰੱਖਿਆ ਉਪਕਰਣਾਂ (PPE) ਦੀ ਟੈਸਟਿੰਗ ਅਤੇ ਪੁਸ਼ਟੀ ਕਰਨ ਵਿੱਚ ਮੁਹਾਰਤ ਹਾਸਿਲ ਕੀਤੀ ਹੈ।*

# ਲੈਬ ਵਿੱਚ PPE ਮਿਆਰਾਂ ਦੀ ਟੈਸਟਿੰਗ ਕੀਤੀ ਗਈ

**ਹੈਲਥ ਕੈਨੇਡਾ (Health Canada)**

**ਕੈਨੇਡੀਅਨ ਸਟੈਂਡਰਡਸ ਐਸੋਸੀਏਸ਼ਨ (Canadian Standards Association, CSA)**

**ਨੈਸ਼ਨਲ ਇੰਸਟੀਟਿਊਟ ਆਫ਼ ਆਕਿਉਪੇਸ਼ਨਲ ਸੇਫ਼ਟੀ ਐਂਡ ਹੈਲਥ (National Institute of Occupational Safety and Health, NIOSH)**

**ਐਸੋਸੀਏਸ਼ਨ ਫ਼ਾਰ ਦਿ ਐਡਵਾਂਸਮੈਂਟ ਆਫ਼ ਮੈਡੀਕਲ ਇੰਸਟਰੂਮੈਂਟੇਸ਼ਨ (Association for the Advancement of Medical Instrumentation, AAMI)**

**ASTM ਇੰਟਰਨੈਸ਼ਨਲ (American Society for Testing and Materials International, ASTM International)**




*ਪਾਣੀ ਰੋਕਣ ਦੀ ਸਮਰੱਥਾ ਦੀ ਟੈਸਟਿੰਗ : ਹਾਈਡ੍ਰੋਸਟੈਟਿਕ ਦਬਾਅ*



# ਮੂਲ-ਨਿਵਾਸੀਆਂ ਨਾਲ ਮੇਲ-ਮਿਲਾਪ ਕਰਨ ਵਲ ਇੱਕ ਕਦਮ ਵਧਾਉਣਾ

ਸਿਹਤ-ਸੰਭਾਲ ਜੱਥੇਬੰਦੀ ਵਜੋਂ, ਵੀ ਸੀ ਐਚ (VCH) ਦੀ ਸੱਚ ਅਤੇ ਮੇਲ-ਮਿਲਾਪ ਨੂੰ ਅੱਗੇ ਵਧਾਉਣ ਅਤੇ ਆਪਣੇ ਸਿਸਟਮਾਂ ਵਿਚਲੀਆਂ ਮੌਜੂਦਾ ਨਾਬਰਾਬਰੀਆਂ ਅਤੇ ਪੱਖਪਾਤ ਨੂੰ ਦੂਰ ਕਰਨ ਵਿੱਚ ਅਹਿਮ ਭੂਮਿਕਾ ਹੈ।

ਵੀ ਸੀ ਐਚ (VCH) ਸਾਡੀ ਸਿਹਤ ਅਥਾਰਿਟੀ ਰਾਹੀਂ ਮੂਲ-ਨਿਵਾਸੀਆਂ ਦੇ ਗਿਆਨ ਅਤੇ ਰਚੀ-ਵਸੀ ਮੁਹਾਰਤ ਨੂੰ ਯਕੀਨੀ ਬਣਾਉਣ ਲਈ ਲਗਾਤਾਰ ਕੰਮ ਕਰਨ ਲਈ ਵਚਨਬੱਧ ਹਾਂ।

ਇਹ ਕੰਮ ਅਸੀਂ ਇਹਨਾਂ ਰਾਹੀਂ ਪੂਰੇ ਕਰਦੇ ਹਾਂ:

1. ਸਿਖਲਾਈ ਦੇ ਮੌਕੇ ਅਤੇ ਸ੍ਰੋਤ।
2. ਇਹ ਯਕੀਨੀ ਬਣਾਉਣ ਲਈ ਕਿ ਸਭਿਆਚਾਰਕ ਤੌਰ 'ਤੇ ਸੁਰੱਖਿਅਤ ਸੰਭਾਲ ਮੁਹੱਈਆ ਕਰਾਈ ਜਾਂਦੀ ਹੈ, ਲਈ ਨਿੱਘੇ ਮਾਹੌਲ ਵਾਲੀਆਂ ਥਾਂਵਾਂ, ਸਹਾਇਕ ਸਟਾਫ਼, ਮੈਡੀਕਲ ਸਟਾਫ਼ ਅਤੇ ਮਰੀਜ਼ਾਂ ਲਈ ਆਲਾ-ਦੁਆਲਾ ਸਿਰਜਣਾ।







*ਵੀਡੀਓ: ਵੀ ਸੀ ਐਚ (VCH) ਸਟਾਫ਼ ਅਤੇ ਮੈਡੀਕਲ ਸਟਾਫ਼ ਨੇ ਪੂਰੇ ਇਲਾਕੇ ਵਿੱਚ ਵੱਖ-ਵੱਖ ਥਾਂਵਾਂ 'ਤੇ ਖ਼ਾਸ ਕਾਰਡ ਲਾਕੇ ਮੂਲ-ਨਿਵਾਸੀ ਲੋਕਾਂ ਨਾਲ ਮੇਲ-ਮਿਲਾਪ ਲਈ ਆਪਣੀ ਵਚਨਬੱਧਤਾ ਦਾ ਪ੍ਰਗਟਾਵਾ ਕੀਤਾ ਹੈ।*

## ਬੈਲਾ ਕੂਲਾ ਜਨਰਲ ਹਸਪਤਾਲ (Bella Coola General Hospital) ਵਿਖੇ ਮੂਲ-ਨਿਵਾਸੀ ਲੋਕਾਂ ਲਈ ਸਹਾਇਤਾ ਦੇ ਸੰਕੇਤ

ਬੈਲਾ ਕੂਲਾ ਜਨਰਲ ਹਸਪਤਾਲ ਅਤੇ ਪੂਰੇ ਇਲਾਕੇ ਦੇ ਸਟਾਫ਼ ਅਤੇ ਮੈਡੀਕਲ ਸਟਾਫ਼ ਨੇ ਮੇਲ-ਮਿਲਾਪ ਦੀ ਇੱਕ ਸਰਗਰਮੀ ਵਿੱਚ ਹਿੱਸਾ ਲਿਆ ਸੀ, ਜਿਸ ਵਿੱਚ ਯਾਦ ਰੱਖਣ ਵਾਲ਼ੇ ਸੁਨੇਹਿਆਂ ਨਾਲ ਨਾਰੰਗੀ ਦਿਲ ਬਣਾਉਣਾ ਸ਼ਾਮਿਲ ਸੀ। ਇਸ ਨੂੰ ਹਸਪਤਾਲ ਦੇ ਐਮਰਜੈਂਸੀ ਵਿਭਾਗ ਦੇ ਉਡੀਕ ਕਮਰੇ ਵਿੱਚ ਲਾਇਆ ਗਿਆ ਹੈ।

# ਮੂਲ ਨਿਵਾਸੀ ਲੋਕਾਂ ਲਈ ਸਿਹਤ-ਸੰਭਾਲ ਤਿਆਰ ਕਰਨੀ

ਇਨ ਪਲੇਨ ਸਾਈਟ: BC ਸਿਹਤ-ਸੰਭਾਲ ਖ਼ਾਸ ਤੌਰ 'ਤੇ ਮੂਲ-ਨਿਵਾਸੀਆਂ ਨਾਲ ਹੁੰਦੀ ਨਸਲਪ੍ਰਸਤੀ ਅਤੇ ਪੱਖਪਾਤ ਨਾਲ ਨਜਿੱਠਣਾ (In Plain Sight: Addressing Indigenous Specific Racism and Discrimination in BC Health Care) ਨਾਮਕ ਰਿਪੋਰਟ ਜਾਰੀ ਹੋਇਆਂ ਇੱਕ ਸਾਲ ਤੋਂ ਵੱਧ ਸਮਾਂ ਹੋ ਗਿਆ ਹੈ ਅਤੇ ਉਸ ਸਮੇਂ ਤੋਂ ਲੈਕੇ ਹੁਣ ਤੱਕ ਵੀ ਸੀ ਐਚ (VCH) ਵਿੱਚ ਬਹੁਤ ਸਾਰੀਆਂ ਤਬਦੀਲੀਆਂ ਕੀਤੀਆਂ ਗਈਆਂ ਹਨ।

ਦੇਖਭਾਲ ਕਰਨ ਦਾ ਤਰੀਕਾ ਬਦਲਣ ਲਈ ਮੂਲ-ਨਿਵਾਸੀਆਂ ਦੀ ਸਿਹਤ ਦੇ ਸਾਰੇ ਤਰਜੀਹੀ ਖੇਤਰਾਂ ਵਿੱਚ ਅਗਵਾਈ ਕਰਨ ਲਈ ਮੂਲ-ਨਿਵਾਸੀਆਂ ਦੇ ਸਿਹਤ ਡਾਇਰੈਕਟਰਾਂ ਦੀ ਇੱਕ ਨਵੀਂ ਟੀਮ ਨੂੰ ਕੰਮ ਸੌਂਪਿਆ ਗਿਆ ਹੈ। ਇਸ ਵਿੱਚ ਮੂਲ-ਨਿਵਾਸੀਆਂ ਦੇ ਸਭਿਆਚਾਰ ਦੀ ਰਾਖੀ ਕਰਨਾ ਅਤੇ ਪੜ੍ਹਾਈ (Indigenous Cultural Safety and Education); ਮੂਲ-ਨਿਵਾਸੀਆਂ ਨੂੰ ਕੰਮ 'ਤੇ ਰੱਖਣਾ ਅਤੇ ਸ਼ਮੂਲੀਅਤ (Indigenous Engagement and Inclusion); ਮੂਲ-ਨਿਵਾਸੀਆਂ ਸਬੰਧੀ ਡਿਜ਼ਾਈਨ ਅਤੇ ਪ੍ਰੋਜੈਕਟ (Indigenous Design and Projects); ਮੂਲ-ਨਿਵਾਸੀ ਮਰੀਜ਼ ਦੇ ਅਨੁਭਵ ਅਤੇ ਪੇਸ਼ੇਵਾਰਾਨਾ ਪ੍ਰੈਕਟਿਸ (Indigenous Patient Experience and Professional Practice); ਰਣਨੀਤੀ ਸਬੰਧੀ ਭਾਈਵਾਲੀ ਅਤੇ ਕਾਰਗੁਜ਼ਾਰੀ (Strategic Partnerships and Performance); ਮੂਲ-ਨਿਵਾਸੀਆਂ ਬਾਰੇ ਖੋਜ ਅਤੇ ਮੁਲਾਂਕਣ (Indigenous Research and Evaluation); ਮੂਲ-ਨਿਵਾਸੀਆਂ ਦੀ ਮਾਨਸਿਕ ਸਿਹਤ ਅਤੇ ਭਲਾਈ (Indigenous Mental Health and Wellness); ਅਤੇ ਧਿਆਨ ਦੇਣ ਦੇ ਇੱਕ ਨਵੇਂ ਖੇਤਰ ਵਿੱਚ ਮੂਲ-ਨਿਵਾਸੀ ਔਰਤਾਂ ਅਤੇ ਪਰਿਵਾਰ ਦੀ ਸਿਹਤ (Indigenous Women and Family Health) ਸ਼ਾਮਿਲ ਹਨ।



**Lori Quinn**
*ਮਰੀਜ਼ਾਂ ਦੇ ਅਨੁਭਵ ਬਾਰੇ ਡਾਇਰੈਕਟਰ, ਪੇਸ਼ੇਵਾਰਾਨਾ ਪ੍ਰੈਕਟਿਸ ਅਤੇ ਕੁਆਲਟੀ*



**Brittany Bingham**
*ਮੂਲ ਨਿਵਾਸੀਆਂ ਬਾਰੇ ਖੋਜ ਅਤੇ ਮੁਲਾਂਕਣ ਬਾਰੇ ਡਾਇਰੈਕਟਰ*



**Chris Mullen**
*ਕਾਰਗੁਜ਼ਾਰੀ ਅਤੇ ਭਾਈਵਾਲੀ ਬਾਰੇ ਡਾਇਰੈਕਟਰ*



**Bree Beveridge**
*ਮੂਲ ਨਿਵਾਸੀਆਂ ਦੀ ਸ਼ਮੂਲੀਅਤ ਅਤੇ ਉਹਨਾਂ ਨੂੰ ਕੰਮ 'ਤੇ ਰੱਖਣ ਬਾਰੇ ਡਾਇਰੈਕਟਰ*



**ਡਾਕਟਰ Don Wilson**
*ਮੈਡੀਕਲ ਡਾਇਰੈਕਟਰ*



**ਡਾਕਟਰ Toma Timothy**
*ਮੈਡੀਕਲ ਸਲਾਹਕਾਰ*



**Janice Wardrop**
*ਮੂਲ-ਨਿਵਾਸੀਆਂ ਦੀ ਰਾਖੀ ਕਰਨ ਅਤੇ ਪੜ੍ਹਾਈ ਬਾਰੇ ਡਾਇਰੈਕਟਰ*



**Miranda Kelly**
*ਮੂਲ-ਨਿਵਾਸੀ ਔਰਤਾਂ ਅਤੇ ਪਰਿਵਾਰ ਦੀ ਸਿਹਤ ਬਾਰੇ ਡਾਇਰੈਕਟਰ*



**Shannon McCarthy**
*ਮੂਲ ਨਿਵਾਸੀਆਂ ਦੀ ਮਾਨਸਿਕ ਸਿਹਤ ਅਤੇ ਭਲਾਈ ਬਾਰੇ ਐਗਜ਼ੀਕਿਉਟਿਵ ਡਾਇਰੈਕਟਰ ਅਤੇ ਡਾਇਰੈਕਟਰ*



**Tiffany Creyke**
*ਮੂਲ ਨਿਵਾਸੀਆਂ ਸਬੰਧੀ ਡਿਜ਼ਾਈਨ ਅਤੇ ਪ੍ਰੋਜੈਕਟਾਂ ਬਾਰੇ ਡਾਇਰੈਕਟਰ*



**Leslie Bonshor**
*ਮੂਲ ਨਿਵਾਸੀਆਂ ਦੀ ਸਿਹਤ ਬਾਰੇ ਵਾਈਜ਼ ਪ੍ਰੈਜ਼ੀਡੈਂਟ*



# ਬਿਹਤਰ ਨਤੀਜਿਆਂ ਲਈ ਕੋਸ਼ਿਸ਼ ਕਰਨਾ



# GEORGE PEARSON ਸੈਂਟਰ ਦੇ ਵਸਨੀਕਾਂ ਲਈ ਨਵੀਂ ਅਜ਼ਾਦੀ

ਪੇਚੀਦਾ ਮੈਡੀਕਲ ਜ਼ਰੂਰਤਾਂ ਵਾਲ਼ੇ ਬਾਲਗ਼ਾਂ ਲਈ 114-ਬਿਸਤਰਿਆਂ ਵਾਲ਼ਾ ਲੰਮੀ-ਮਿਆਦ ਦਾ ਕੇਅਰ ਹੋਮ ਫਿਰ ਤੋਂ ਤਿਆਰ ਕੀਤਾ ਜਾ ਰਿਹਾ ਹੈ ਅਤੇ 2022 ਵਿੱਚ ਇਸੀ ਥਾਂ 'ਤੇ ਕੌਂਡੋਮੀਨੀਅਮਸ ਵਿੱਚ ਕੈਂਬੀ ਗਾਰਡਨਸ (Cambie Gardens) ਵਿਚਲੇ ਆਪਣੇ ਨਵੇਂ ਘਰਾਂ ਵਿੱਚ 44 ਵਸਨੀਕਾਂ ਦਾ ਪਹਿਲਾ ਸਮੂਹ ਉੱਥੇ ਰਹਿਣ ਲਈ ਚਲਾ ਜਾਏਗਾ। ਬਾਕੀ ਰਹਿੰਦੇ 70 ਵਸਨੀਕਾਂ ਨੂੰ ਜਾਰਜ ਪੀਅਰਸਨ ਸੈਂਟਰ ਵਿੱਚ ਪੂਰੀ ਦੇਖਭਾਲ ਮਿਲਦੀ ਰਹੇਗੀ, ਜਦ ਤੱਕ ਕਿ ਉਹ ਨਵੇਂ ਘਰਾਂ ਵਿੱਚ ਨਹੀਂ ਚਲੇ ਜਾਂਦੇ ਅਤੇ ਸੈਂਟਰ ਬੰਦ ਨਹੀਂ ਹੋ ਜਾਂਦਾ।



ਭਾਈਚਾਰੇ ਨੂੰ ਧਿਆਨ ਵਿੱਚ ਰੱਖਕੇ ਘਰ ਬਣਾਉਣ ਲਈ 2018 ਵਿੱਚ ਨਵੇਂ ਵਿਕਾਸ ਦੀ ਉਸਾਰੀ ਸ਼ੁਰੂ ਹੋਈ ਸੀ, ਜਿਸ ਨਾਲ ਵਸਨੀਕਾਂ ਨੂੰ ਹੋਰ ਅਜ਼ਾਦੀ ਮਿਲੇਗੀ। ਪ੍ਰੋਜੈਕਟ ਦੇ ਵੱਖ-ਵੱਖ ਪੜਾਵਾਂ ਦੌਰਾਨ ਵਸਨੀਕਾਂ ਨੂੰ ਫ਼ੀਡਬੈਕ ਮੁਹੱਈਆ ਕਰਾਈ ਗਈ ਸੀ, ਇਸ ਵਿੱਚ ਵਸਨੀਕ ਕੌਂਸਲ ਮੀਟਿੰਗ ਅਤੇ ਪਲਾਨਿੰਗ ਕਮੇਟੀ ਦੇ ਹਿੱਸੇ ਵਜੋਂ ਜਾਣਕਾਰੀ ਦੇਣਾ ਸ਼ਾਮਿਲ ਹੈ।




ਕੈਂਬੀ ਗਾਰਡਨਸ ਵਿਚਲੇ ਨਵੇਂ ਘਰ ਸਹਾਇਤਾ ਵਾਲ਼ੀ ਹਾਉਸਿੰਗ ਦੇ ਬਿਲਕੁਲ ਨਵੇਂ ਮਾਡਲ ਦੇ ਹਿਸਾਬ ਨਾਲ ਬਣਾਏ ਗਏ ਹਨ, ਜਿਹਨਾਂ ਨੂੰ ਵਸਨੀਕਾਂ, ਉਹਨਾਂ ਦੇ ਪਰਿਵਾਰਾਂ ਅਤੇ ਭਾਈਚਾਰੇ ਦੇ ਹਮਾਇਤੀਆਂ ਨਾਲ ਭਾਈਵਾਲੀ ਵਿੱਚ ਬਣਾਇਆ ਗਿਆ ਸੀ। ਵਸਨੀਕਾਂ ਨੂੰ ਖ਼ਾਸ ਡਿਜ਼ਾਈਨ ਵਾਲ਼ੀਆਂ ਖ਼ੂਬੀਆਂ, ਜਿਵੇਂ ਆਟੋਮੈਟਿਕ ਦਰਵਾਜ਼ੇ ਅਤੇ ਫ਼ਲੋਰਿੰਗ ਬਾਰੇ ਫ਼ੀਡਬੈਕ ਦੇਣ ਦੇ ਮੌਕੇ ਦਿੱਤੇ ਗਏ ਸੀ ਅਤੇ ਉਹਨਾਂ ਵਿੱਚੋਂ ਕੁਝ ਤਾਂ ਬਣ ਰਹੇ ਅਧੂਰੇ ਘਰਾਂ ਨੂੰ ਵੀ ਆਕੇ ਵੇਖ ਸਕਦੇ ਸਨ।

# George Pearson ਸੈਂਟਰ




1952 ਵਿੱਚ ਖੁੱਲ੍ਹਿਆ ਸੀ



ਵਸਨੀਕਾਂ ਨੂੰ ਭਾਈਚਾਰੇ ਵਜੋਂ ਲੰਮੀ-ਮਿਆਦ ਦੀ ਸੇਵਾ ਦੇਣ ਵਾਲ਼ਾ ਕੇਅਰ ਹੋਮ



ਵਸਨੀਕਾਂ ਲਈ ਵੱਧ ਅਜ਼ਾਦੀ




ਸਾਈਟ ਦਾ ਨਵਾਂ ਨਾਂ ਰੱਖਣ ਬਾਰੇ ਕੰਮ ਹੋ ਰਿਹਾ ਹੈ, ਜੋ ਬਹੁਤਾ ਕਰਕੇ ਵੰਨ-ਸੁਵੰਨਤਾ ਅਤੇ ਸ਼ਮੂਲੀਅਤ ਦੀਆਂ ਕਦਰਾਂ-ਕੀਮਤਾਂ ਦੇ ਨੇੜੇ ਹੋਵੇ



# ਪਾਵੈਲ ਰਿਵਰ (POWELL RIVER) ਵਿੱਚ ਭਾਈਚਾਰਕ ਡਾਇਲਿਸਿਸ ਦਾ ਪਸਾਰ ਕਰਨ ਨਾਲ ਜ਼ਿਆਦਾ ਮਰੀਜ਼ਾਂ ਦੀ ਸੇਵਾ ਕੀਤੀ ਜਾਏਗੀ, ਸਫ਼ਰ ਵੀ ਘਟੇਗਾ

ਜਨਵਰੀ 2022 ਵਿੱਚ, ਪਾਵੈਲ ਰਿਵਰ ਜਨਰਲ ਹਸਪਤਾਲ (Powell River General Hospital) ਨੇ ਖ਼ੁਸ਼ਗਵਾਰ ਅਤੇ ਸੁਖਾਵੀਂ ਸੈਟਿੰਗ ਵਿੱਚ ਜ਼ਿਆਦਾ ਲੋਕਾਂ ਨੂੰ ਜ਼ਰੂਰੀ ਦੇਖਭਾਲ ਮੁਹੱਈਆ ਕਰਨ ਲਈ ਉਹਨਾਂ ਦੀ ਭਾਈਚਾਰਕ ਡਾਇਲਿਸਿਸ ਯੂਨਿਟ ਦੇ ਪਸਾਰ ਵਾਲ਼ੇ ਹਿੱਸੇ ਨੇ ਕੰਮ ਕਰਨਾ ਸ਼ੁਰੂ ਕਰ ਦਿੱਤਾ ਸੀ। ਜਿਹਨਾਂ ਮਰੀਜ਼ਾਂ ਦੀ ਕਿਡਨੀ ਨੇ ਕੰਮ ਕਰਨਾ ਬੰਦ ਕਰ ਦਿੱਤਾ ਹੈ, ਉਹਨਾਂ ਲਈ ਡਾਇਲਿਸਿਸ ਜ਼ਿੰਦਗੀ ਬਚਾਉਣ ਦਾ ਇੱਕ ਅਮਲ ਹੈ ਅਤੇ ਇਹ ਅਮਲ ਸਰੀਰ ਵਿਚਲੀ ਫਾਲਤੂ ਸਮਗਰੀ ਨੂੰ ਛਾਣਨ ਅਤੇ ਖ਼ੂਨ ਵਿੱਚੋਂ ਵਾਧੂ ਤਰਲ ਨੂੰ ਬਾਹਰ ਕੱਢਣ ਦੇ ਕਿਡਨੀ ਦੇ ਕਾਰਜ ਦੀ ਥਾਂ ਕੰਮ ਕਰਦਾ ਹੈ। ਪਿਛਲੀ ਯੂਨਿਟ ਵਿੱਚ ਇਸਦੀ ਵੱਧ ਮੰਗ ਦਾ ਸਾਹਮਣਾ ਕਰਨ ਵਾਲੇ ਡਾਇਲਿਸਿਸ ਦੇ ਕੁਝ ਮਰੀਜ਼ਾਂ ਨੂੰ ਇਲਾਜ ਕਰਾਉਣ ਲਈ ਹਫ਼ਤੇ ਵਿੱਚ ਤਿੰਨ ਵਾਰੀ ਸਫ਼ਰ ਕਰਨਾ ਪੈਂਦਾ ਸੀ।



*ਖ਼ੁਸ਼ਗਵਾਰ ਅਤੇ ਸੁਖਾਵਾਂ ਮਾਹੌਲ ਦੇਣ ਲਈ ਪਾਵੈਲ ਰਿਵਰ ਜਨਰਲ ਹਸਪਤਾਲ (Powell River General Hospital) ਵਿਖੇ ਪਸਾਰ ਕੀਤੀ ਗਈ ਭਾਈਚਾਰਕ ਯੂਨਿਟ ਤਿਆਰ ਕੀਤੀ ਗਈ ਸੀ।*

ਨਵੀਂ ਯੂਨਿਟ ਵਿੱਚ ਡਾਇਲਿਸਿਸ ਦੇ ਸੱਤ ਸਟੇਸ਼ਨ ਹਨ, ਜੋ ਕਿ ਪਹਿਲਾਂ ਨਾਲੋਂ ਦੁਗਣੇ ਹਨ। ਪਾਵੈਲ ਰਿਵਰ (Powell River) ਵਿਖੇ ਡਾਇਲਿਸਿਸ ਦੇ ਜ਼ਿਆਦਾ ਸਟੇਸ਼ਨ ਹੋਣ ਕਰਕੇ ਜ਼ਰੂਰੀ ਦੇਖਭਾਲ ਤੱਕ ਹੋਰ ਰਸਾਈ ਹੁੰਦੀ ਹੈ ਅਤੇ ਭਾਈਚਾਰੇ ਵਿਚਲੇ ਲੋਕਾਂ ਨੂੰ ਇਹ ਯਕੀਨ ਦੁਆਉਣ ਵਿੱਚ ਮਦਦ ਮਿਲਦੀ ਹੈ ਕਿ ਉਹਨਾਂ ਦਾ ਇਲਾਜ ਘਰ ਦੇ ਨੇੜੇ ਵੀ ਹੋ ਸਕਦਾ ਹੈ।

ਵੀ ਸੀ ਐਚ (VCH) ਦੀ ਭਾਈਵਾਲੀ ਨਾਲ ਪ੍ਰੋਵੀਡੈਂਸ ਹੈਲਥ ਕੇਅਰ ਵਲੋਂ ਭਾਈਚਾਰਕ ਡਾਇਲਿਸਿਸ ਯੂਨਿਟਾਂ ਚਲਾਈਆਂ ਜਾਂਦੀਆਂ ਹਨ। ਪਾਵੈਲ ਰਿਵਰ (Powell River, BC), ਸੇਸ਼ੈਲਟ (Sechelt, BC), ਸਕੁਆਮਿਸ਼ (Squamish, BC), ਨੌਰਥ ਵੈਨਕੂਵਰ (North Vancouver, BC), ਵੈਨਕੂਵਰ (Vancouver, BC) ਅਤੇ ਰਿਚਮੰਡ (Richmond, BC) ਵਿਚਲੇ ਵੈਨਕੂਵਰ ਕੋਸਟਲ ਹੈਲਥ ਇਲਾਕੇ ਵਿੱਚ ਸੱਤ ਭਾਈਚਾਰਕ ਡਾਇਲਿਸਿਸ ਯੂਨਿਟਾਂ ਹਨ।




*ਵੈਨਕੂਵਰ ਕੋਸਟਲ ਹੈਲਥ ਇਲਾਕੇ ਵਿੱਚ ਸੱਤ ਭਾਈਚਾਰਕ ਡਾਇਲਿਸਿਸ ਯੂਨਿਟਾਂ ਹਨ।*




# ਨਵੇਂ ਬਹੁਤ ਜ਼ਰੂਰੀ ਅਤੇ ਮੁਢਲੀ ਸੰਭਾਲ ਬਾਰੇ ਸੈਂਟਰ (URGENT AND PRIMARY CARE CENTRES, UPCC)

ਜਿਸ ਸਮੇਂ ਜ਼ਿੰਦਗੀ ਨੂੰ ਬਿਨਾ ਖ਼ਤਰੇ ਵਾਲ਼ੀ ਬਿਮਾਰੀ ਜਾਂ ਸੱਟ-ਫੇਟ ਲਈ ਦੇਖਭਾਲ ਦੀ ਲੋੜ ਪੈਂਦੀ ਹੈ, ਤਾਂ ਵੀ ਸੀ ਐਚ (VCH) ਵਿੱਚ ਇਸ ਸਮੇਂ ਕਈ ਭਾਈਚਾਰਿਆਂ ਲਈ ਹੋਰ ਵਿਕਲਪ ਹਨ। ਦੋ ਨਵੇਂ **ਬਹੁਤ ਜ਼ਰੂਰੀ ਅਤੇ ਮੁਢਲੇ ਸੰਭਾਲ ਸੈਂਟਰ ਯੂ ਪੀ ਸੀ ਕੀ(UPCC)** ਖੁੱਲ੍ਹੇ ਹਨ, ਜਿਹਨਾਂ ਵਿੱਚ ਨਜ਼ਦੀਕੀ ਭਾਈਚਾਰਿਆਂ ਵਿਚਲੇ ਵਸਨੀਕਾਂ ਨੂੰ ਦੇਖਭਾਲ ਦਿੱਤੀ ਜਾ ਰਹੀ ਹੈ। ਯੂ ਪੀ ਸੀ ਕੀ (UPCC) ਐਮਰਜੈਂਸੀ ਵਿਭਾਗਾਂ ਲਈ ਗ਼ੈਰਜ਼ਰੂਰੀ ਟ੍ਰਿਪਾਂ ਨੂੰ ਰੋਕਣ ਵਿੱਚ ਮਦਦ ਕਰਦਾ ਹੈ ਅਤੇ ਇਸ ਨਾਲ ਲੋਕ ਉੱਚ-ਕੁਆਲਟੀ ਵਾਲ਼ੀ, ਭਰੋਸੇਮੰਦ ਦੇਖਭਾਲ ਪ੍ਰਾਪਤ ਕਰਨ ਲਈ ਪਰਿਵਾਰਕ ਡਾਕਟਰ ਤੋਂ ਬਿਨਾ ਇਸਦਾ ਲਾਭ ਲੈ ਸਕਦੇ ਹਨ।

ਫ਼ਰਵਰੀ 2021 ਵਿੱਚ ਹੇਸਟਿੰਗਸ-ਸਨਰਾਈਜ਼ (Hastings-Sunrise), ਰੈਨਫ੍ਰਿਉ-ਕੋਲਿੰਗਵੁੱਡ (Renfrew-Collingwood) ਯੂ ਪੀ ਸੀ ਕੀ (UPCC) ਅਤੇ ਸਿਡਾਰ ਕਾੱਟਿਜ (Cedar Cottage) ਗੁਆਂਢਚਾਰੇ ਦੇ ਵਸਨੀਕਾਂ ਲਈ ਨਜ਼ਦੀਕੀ ਦੇਖਭਾਲ ਤੱਕ ਉਸੀ ਦਿਨ ਪਹੁੰਚ ਵਧਾਉਣ ਲਈ ਵੈਨਕੂਵਰ ਵਿੱਚ ਈਸਟ ਹੇਸਟਿੰਗਸ (East Hastings) ਅਤੇ ਕਾਸਲੋ ਸਟ੍ਰੀਟਸ (Kaslo Streets) ਵਿਖੇ ਨੌਰਥ-ਈਸਟ ਦੇ ਬਹੁਤ ਜ਼ਰੂਰੀ ਅਤੇ ਮੁਢਲੇ ਸੰਭਾਲ ਸੈਂਟਰ (Northeast UPCC) ਖੋਲ੍ਹੇ ਗਏ ਹਨ। ਸਾਈਟ 'ਤੇ ਕੰਮ ਕਰਨ ਵਾਲ਼ੀ ਟੀਮ ਵਿੱਚ ਪਰਿਵਾਰਕ ਡਾੱਕਟਰ, ਨਰਸ ਪ੍ਰੈਕਟਿਸ਼ਨਰ, ਰਜਿਸਟਰਡ ਨਰਸਾਂ, ਸੋਸ਼ਲ ਵਰਕਰ ਅਤੇ ਭੋਜਨ ਬਾਰੇ ਮਾਹਿਰ ਸ਼ਾਮਿਲ ਹੁੰਦੇ ਹਨ, ਜੋ ਭਾਈਚਾਰਕ ਸੰਭਾਲ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਲਈ ਮਿਲਕੇ ਕੰਮ ਕਰਦੇ ਹਨ।






*ਵੀਡੀਓ: ਵੈਕੂਵਰ ਵਿੱਚ ਨੌਰਥ-ਈਸਟ ਦੇ ਬਹੁਤ ਜ਼ਰੂਰੀ ਅਤੇ ਮੁਢਲੇ ਸੰਭਾਲ ਸੈਂਟਰ (Northeast UPCC) ਦਾ ਵਰਚੁਅਲ ਟੂਰ ਕਰੋ*

*"ਜਿਸ ਸਮੇਂ ਕੋਈ ਸ਼ਖ਼ਸ ਸੰਭਾਲ ਲਈ ਕਹਿੰਦਿਆਂ ਅੰਦਰ ਆਉਂਦਾ ਹੈ, ਤਾਂ ਉਸ ਦਿਨ ਜਾਂ ਤਾਂ ਅਸੀਂ ਉਸਦੀਆਂ ਸੰਭਾਲ ਜ਼ਰੂਰਤਾਂ ਪੂਰੀਆਂ ਕਰ ਸਕਦੇ ਹਾਂ ਜਾਂ ਭਾਈਚਾਰਕ ਸੇਵਾਵਾਂ ਲਈ ਰੈਫ਼ਰਲ ਅਤੇ ਕਨੈਕਸ਼ਨ ਵਿੱਚ ਮਦਦ ਕਰਦੇ ਹਾਂ"*

Angela Remocker | ਨਰਸ ਪ੍ਰੈਕਟਿਸ਼ਨਰ

ਬਹੁਤ ਹੀ ਜ਼ਰੂਰੀ ਮਰੀਜ਼ਾਂ ਨੂੰ ਸਭ ਤੋਂ ਪਹਿਲਾਂ ਵੇਖਿਆ ਜਾਂਦਾ ਹੈ ਅਤੇ ਉਹਨਾਂ ਦੀ ਦੇਖਭਾਲ ਕੀਤੀ ਜਾਂਦੀ ਹੈ। ਯੂ ਪੀ ਸੀ ਕੀ (UPCC) ਵਿਖੇ ਜਿਹੜੀਆਂ ਸੱਟ-ਫੇਟਾਂ ਅਤੇ ਬਿਮਾਰੀਆਂ ਦਾ ਇਲਾਜ ਕੀਤਾ ਜਾਂਦਾ ਹੈ, ਉਹਨਾਂ ਵਿੱਚ ਸ਼ਾਮਿਲ ਹਨ: ਖਿੱਚਾਂ ਅਤੇ ਦਬਾਅ; ਕੱਟ, ਜ਼ਖ਼ਮ ਜਾਂ ਚਮੜੀ ਦੀਆਂ ਬਿਮਾਰੀਆਂ; ਤੇਜ਼ ਬੁਖ਼ਾਰ; ਲਾਗਾਂ, ਇਸ ਵਿੱਚ ਛਾਤੀ, ਕੰਨ ਅਤੇ ਪਿਸ਼ਾਬ ਦਾ ਰਾਹ; ਦਮੇ ਦੇ ਦੌਰੇ; ਨਵੀਂ ਜਾਂ ਵਿਗੜੀ ਹੋਈ ਪੀੜ;ਸਰੀਰ ਵਿੱਚ ਪਾਣੀ ਦੀ ਕਮੀ/ਕਬਜ਼ੀ; ਅਤੇ ਬੱਚੇ ਦੀ ਘੱਟ ਗੰਭੀਰ ਬਿਮਾਰੀ ਅਤੇ ਸੱਟ-ਫੇਟ ਸ਼ਾਮਿਲ ਹੁੰਦੀ ਹੈ।

ਅਪ੍ਰੈਲ ਵਿੱਚ ਐਲਡਰਬ੍ਰਿਜ ਵੇਅ (Alderbridge Way) ਅਤੇ ਲੈਂਸਡਾਊਨ ਰੋਡ (Lansdowne Road) ਵਿਖੇ ਆਰਜ਼ੀ ਥਾਂ 'ਤੇ ਰਿਚਮੰਡ ਯੂ ਪੀ ਸੀ ਸੀ (Richmond UPCC) ਦਾ ਪਹਿਲਾ ਖੁੱਲ੍ਹਿਆ ਸੀ। ਨੌਰਥ-ਈਸਟ ਯੂ ਪੀ ਸੀ ਸੀ (UPCC) ਵਾਂਗ ਹੀ, ਰਿਚਮੰਡ ਯੂ ਪੀ ਸੀ ਸੀ (UPCC) ਬਿਨਾ ਕਿਸੇ ਐਮਰਜੈਂਸੀ ਦੀ ਸੰਭਾਲ ਲਈ ਪਰਿਵਾਰਕ ਡਾਕਟਰਾਂ ਨੂੰ ਨਹੀਂ ਬਦਲਦੇ, ਪਰ ਭਾਈਚਾਰੇ ਵਿੱਚ ਦੇਖਭਾਲ ਦੇ ਹੋਰ ਵਿਕਲਪਾਂ ਨਾਲ ਮਿਲਕੇ ਕੰਮ ਕਰਦੇ ਹਨ। ਇਹ ਰਿਚਮੰਡ ਹਸਪਤਾਲ ਵਿੱਚ ਐਮਰਜੈਂਸੀ ਸੰਭਾਲ ਨੂੰ ਵੀ ਨਹੀਂ ਬਦਲਦੇ, ਪਰ ਜਾਨ ਲੇਵਾ ਬਿਮਾਰੀ ਜਾਂ ਸੱਟ-ਫੇਟ ਵਾਲ਼ੇ ਮਰੀਜ਼ਾਂ ਲਈ ਹਸਪਤਾਲ ਦੇ ਐਮਰਜੈਂਸੀ ਵਿਭਾਗ ਵਿੱਚ ਰਾਖਵੀਂ ਸਮਰੱਥਾ ਵਿੱਚ ਮਦਦ ਕਰਦੇ ਹਨ। 2020 ਵਿੱਚ ਹਸਪਤਾਲ ਦੇ ਐਮਰਜੈਂਸੀ ਵਿਭਾਗ ਵਿੱਚ 15,000 ਤੋਂ ਵੱਧ ਲੋਕ ਆਏ ਸੀ ਅਤੇ ਇਹਨਾਂ ਵਿੱਚੋਂ ਕਈ ਆਮ ਬਿਮਾਰੀਆਂ ਲਈ ਆਉਂਦੇ ਸਨ, ਜਿਹਨਾਂ ਦਾ ਯੂ ਪੀ ਸੀ ਸੀ (UPCC) ਵਰਗੀ ਮੁਢਲੀ ਸੰਭਾਲ ਦੀ ਸੈਟਿੰਗ ਵਿੱਚ ਪ੍ਰਬੰਧ ਕੀਤਾ ਜਾ ਸਕਦਾ ਹੈ।

---

*"ਇੱਕ ਫਿਜ਼ੀਸ਼ੀਅਨ ਦੇ ਤੌਰ 'ਤੇ, ਮੈਨੂੰ ਪਤਾ ਹੈ ਕਿ ਸਾਡੇ ਭਾਈਚਾਰੇ ਲਈ ਇਸ ਤਰ੍ਹਾਂ ਦੀ ਸੇਵਾ ਕਿੰਨੀ ਜ਼ਰੂਰੀ ਹੈ। ਮਹਾਂ-ਮਾਰੀ ਦੌਰਾਨ, ਲੋਕਾਂ ਨੂੰ ਸੁਰੱਖਿਅਤ ਰੱਖਣ ਲਈ ਸਾਨੂੰ ਬਹੁਤ ਮਿਹਨਤ ਕਰਨੀ ਪਈ, ਪਰ ਇਸਦੇ ਨਾਲ ਹੀ ਇਹ ਯਕੀਨੀ ਬਣਾਉਣਾ ਵੀ ਬਹੁਤ ਜ਼ਰੂਰੀ ਹੈ ਕਿ ਅਸੀਂ ਰਿਚਮੰਡ ਵਰਗੇ ਵਧ ਰਹੇ ਭਾਈਚਾਰੇ ਦੀਆਂ ਜ਼ਰੂਰਤਾਂ ਪੂਰੀਆਂ ਕਰਦੇ ਰਹਾਂਗੇ।"*

Richard Chan | ਮੈਡੀਕਲ ਡਾਇਰੈਕਟਰ, ਰਿਚਮੰਡ ਯੂ ਪੀ ਸੀ ਸੀ (Richmond UPCC)

---




## ਵੈਨਕੂਵਰ ਕੋਸਟਲ ਹੈਲਥ ਇਲਾਕੇ ਵਿਚ ਛੇ ਬਹੁਤ ਜ਼ਰੂਰੀ ਅਤੇ ਮੁਢਲੀ ਸੰਭਾਲ ਦੇ ਸੈਂਟਰ ਹਨ:

- **ਰਿਚਮੰਡ ਬਹੁਤ ਜ਼ਰੂਰੀ ਅਤੇ ਮੁਢਲੀ ਸੰਭਾਲ ਬਾਰੇ ਸੈਂਟਰ (Richmond UPCC)**
- **ਸਿਟੀ ਸੈਂਟਰ ਬਹੁਤ ਜ਼ਰੂਰੀ ਅਤੇ ਮੁਢਲੀ ਸੰਭਾਲ ਬਾਰੇ ਸੈਂਟਰ (City Centre UPCC)**
- **ਨੌਰਥ ਵੈਨਕੂਵਰ ਬਹੁਤ ਜ਼ਰੂਰੀ ਅਤੇ ਮੁਢਲੀ ਸੰਭਾਲ ਬਾਰੇ ਸੈਂਟਰ (North Vancouver UPCC)**
- **ਰੀਚ ਬਹੁਤ ਜ਼ਰੂਰੀ ਅਤੇ ਮੁਢਲੀ ਸੰਭਾਲ ਬਾਰੇ ਸੈਂਟਰ (REACH UPCC)**
- **ਨੌਰਥ-ਈਸਟ ਬਹੁਤ ਜ਼ਰੂਰੀ ਅਤੇ ਮੁਢਲੀ ਸੰਭਾਲ ਬਾਰੇ ਸੈਂਟਰ (Northeast UPCC)**
- **ਸਾਊਥ-ਈਸਟ ਬਹੁਤ ਜ਼ਰੂਰੀ ਅਤੇ ਮੁਢਲੀ ਸੰਭਾਲ ਬਾਰੇ ਸੈਂਟਰ (Southeast UPCC)**



## ਰਿਚਮੰਡ ਹਸਪਤਾਲ ਦਾ ਪਸਾਰ

ਰਿਚਮੰਡ ਹਸਪਤਾਲ ਇੱਕ ਨਵੀਂ ਨੌ ਮੰਜ਼ਿਲਾ, ਗੰਭੀਰ ਦੇਖਭਾਲ ਸਬੰਧੀ ਟਾਵਰ ਨੂੰ ਸ਼ਾਮਿਲ ਕਰੇਗਾ। Yurkovich Family Pavilion ਨਵਾਂ ਐਮਰਜੈਂਸੀ ਵਿਭਾਗ ਸ਼ਾਮਿਲ ਕਰੇਗਾ; ਇੰਟੈਂਸਿਵ ਕੇਅਰ ਯੂਨਿਟ; ਪੂਰੀ ਤਰ੍ਹਾਂ ਲੈਸ ਮੈਡੀਕਲ ਇਮੇਜਿੰਗ ਵਿਭਾਗ; ਫਾਰਮੇਸੀ; ਅਤੇ ਥੋੜ੍ਹੇ ਸਮੇਂ ਠਹਿਰਣ ਸਬੰਧੀ ਬਾਲ-ਰੋਗ ਸ਼ਾਮਿਲ ਹੋਣਗੇ। ਇਹ ਰਿਚਮੰਡ ਨੂੰ ਆਪਣੀ ਵਧ ਰਹੀ ਅਤੇ ਬਜ਼ੁਰਗ ਅਬਾਦੀ ਦੇ ਨਾਲ ਭਵਿੱਖ ਵਿੱਚ ਅਗਾਂਹ ਵਧਣ ਲਈ ਜ਼ਰੂਰੀ ਤੀਬਰ ਦੇਖਭਾਲ ਮੁਹੱਈਆ ਕਰੇਗਾ। ਵਾਧੂ ਸੁਧਾਰਾਂ ਵਿੱਚ ਅੰਦਰੂਨੀ ਮਾਨਸਿਕ ਬਿਮਾਰੀ ਅਤੇ ਮਾਨਸਿਕ ਬਿਮਾਰੀ ਸਬੰਧੀ ਐਮਰਜੈਂਸੀ ਦੀਆਂ ਨਵੀਆਂ ਯੂਨਿਟਾਂ ਬਣਾਉਣ ਲਈ ਸਾਊਥ ਟਾਵਰ ਦਾ ਫਿਰ ਤੋਂ ਵਿਕਾਸ ਕਰਨਾ ਸ਼ਾਮਿਲ ਹੈ। Milan Llich Pavilion ਦਾ ਵੀ ਫਿਰ ਤੋਂ ਵਿਕਾਸ ਕੀਤਾ ਜਾਏਗਾ ਅਤੇ ਕੈਂਸਰ ਕੇਅਰ ਕਲਿਨਿਕ (Cancer Care Clinic) ਦਾ ਗੜ੍ਹ ਬਣੇਗਾ।




# ਟਿਕਾਊ ਭਵਿੱਖ ਲਈ ਫ਼ਰਕ ਲਿਆਉਣਾ

ਅਤਿ ਦੀ ਗਰਮੀ ਤੋਂ ਲੈਕੇ ਹੜ੍ਹ ਆਉਣ ਅਤੇ ਢਿੱਗਾਂ ਡਿਗਣ ਕਰਕੇ ਅਸੀਂ ਜਲਵਾਯੂ ਦੀ ਤਬਦੀਲੀ ਦੇ ਅਸਰ ਦਾ ਸਿੱਧਾ ਸਾਹਮਣਾ ਕਰ ਰਹੇ ਹਾਂ ਅਤੇ ਵੀ ਸੀ ਐਚ (VCH) ਇਸ ਲਈ ਤਿਆਰ ਹੈ।

ਇਹ ਉਮੀਦ ਕੀਤੀ ਜਾਂਦੀ ਹੈ ਕਿ ਜਲਵਾਯੂ ਦੀ ਤਬਦੀਲੀ ਨਾਲ ਜੁੜੀਆਂ ਸਹੂਲਤਾਂ, ਸੇਵਾ ਦੇਣ ਅਤੇ ਸਿਹਤ ਨਤੀਜਿਆਂ 'ਤੇ ਅਸਰ ਪਾਉਂਦੀਆਂ ਹਨ। ਸਬੰਧਿਤ ਜੋਖਮਾਂ ਨੂੰ ਥੋੜ੍ਹੀ ਅਤੇ ਲੰਮੀ-ਮਿਆਦ ਦੀ ਰਣਨੀਤੀ ਵਜੋਂ ਪਛਾਨਣ ਅਤੇ ਇਸਦਾ ਪ੍ਰਬੰਧ ਕਰਨ ਦੀ ਲੋੜ ਹੈ।






*ਪਲੈਨੇਟਰੀ ਹੈਲਥ (Planetary Health) ਦੇ ਇਲਾਕਾਈ ਮੈਡੀਕਲ ਡਾਇਰੈਕਟਰ, ਡਾਕਟਰ Andrea MacNeill ਦੀ ਹਾਲੀਆ ਨਿਯੁਕਤੀ ਇਸ ਗੱਲ ਦਾ ਸਬੂਤ ਹੈ ਕਿ ਵੱਧ ਟਿਕਾਊ ਅਤੇ ਅਪਣਾਇਆ ਜਾਣ ਵਾਲਾ ਸਿਹਤ-ਸੰਭਾਲ ਸਿਸਟਮ ਬਣਾਉਣ ਲਈ ਇਹ ਵੀ ਸੀ ਐਚ (VCH) ਦੀ ਸਮਰਪਣ ਭਾਵਨਾ ਹੈ। ਉਹ ਵੀ ਸੀ ਐਚ (VCH) ਦੇ ਅੰਦਰ ਪਲੈਨੇਟਰੀ ਹੈਲਥ ਦਾ ਖ਼ਾਕਾ ਤਿਆਰ ਕਰਨ (planetary health roadmap) ਵਿੱਚ ਅਹਿਮ ਭੂਮਿਕਾ ਨਿਭਾਉਣਗੇ ਅਤੇ ਇਸ ਨਾਲ ਵੀ ਸੀ ਐਚ (VCH) ਭਾਈਚਾਰਿਆਂ ਅਤੇ ਚੌਗਿਰਦੇ ਦੀਆਂ ਵੱਧ ਰਹੀਆਂ ਜ਼ਰੂਰਤਾਂ ਪੂਰੀਆਂ ਕੀਤੀਆਂ ਜਾਣਗੀਆਂ।*

## ਉਦਾਹਰਣਾਂ

- ਲੋਅਰ ਮੇਨਲੈਂਡ ਦੇ ਉਹਨਾਂ ਭਾਈਚਾਰਿਆਂ, ਜਿਹਨਾਂ 'ਤੇ ਕਿ ਅਤਿ ਦੇ ਮੌਸਮ ਦੀਆਂ ਘਟਨਾਵਾਂ ਦਾ ਸਭ ਤੋਂ ਵੱਧ ਅਸਰ ਪੈ ਸਕਦਾ ਹੈ – ਇਸ ਵਿੱਚ ਗਰਮੀ, ਜੰਗਲ ਦੀ ਅੱਗ ਦਾ ਧੂੰਆਂ, ਹੜ੍ਹ ਆਉਣਾ ਅਤੇ ਜ਼ਮੀਨੀ ਪੱਧਰ 'ਤੇ ਓਜ਼ੋਨ ਦੀ ਪਛਾਣ ਕਰਨ ਲਈ ਵੀ ਸੀ ਐਚ (VCH) ਦੀ ਫ੍ਰੇਜ਼ਰ ਹੈਲਥ (Fraser Health) ਅਤੇ ਯੂ ਬੀ ਸੀ (UBC) ਨਾਲ ਮਿਲਵਰਤਨ।
- ਇਸ ਵਿੱਚ ਮੌਸਮੀ ਘਟਨਾ ਤੋਂ ਬਾਹਰੀ ਕਾਰਕਾਂ 'ਤੇ ਵਿਚਾਰ ਕੀਤੀ ਜਾਂਦੀ ਹੈ, ਜਿਵੇਂ ਅਬਾਦੀ ਦੀ ਉਮਰ ਅਤੇ ਗੁਆਂਢਚਾਰੇ ਦੀਆਂ ਭੌਤਿਕ ਵਿਸ਼ੇਸ਼ਤਾਵਾਂ। ਅਤਿ ਦੀਆਂ ਜਲਵਾਯੂ ਸਬੰਧੀ ਘਟਨਾਵਾਂ ਦੌਰਾਨ ਵਸਨੀਕਾਂ ਦੀ ਰਾਖੀ ਕਰਨ ਲਈ ਢੁਕਵੇਂ ਅਤੇ ਮੁਲਾਂਕਣਸ਼ੁਦਾ ਜਵਾਬੀ ਪਲਾਨ ਤਿਆਰ ਕਰਨ ਲਈ ਮਿਉਨਿਸਪੈਲਿਟੀਆਂ ਨਾਲ ਕੰਮ ਕਰਦਿਆਂ ਹੋਇਆਂ, ਇਹ ਜਾਣਕਾਰੀ ਲਾਹੇਵੰਦ ਹੋਏਗੀ।


ਇਸ ਪਿਛਲੇ ਸਾਲ ਵਿੱਚ ਪੂਰੇ ਸੂਬੇ ਵਿੱਚ ਜਲਵਾਯੂ ਵਿੱਚ ਹੋਣ ਵਾਲ਼ੀ ਤਬਦੀਲੀ ਦੇ ਅਸਰ ਹੋਰ ਸਪਸ਼ਟ ਹੋਣ ਤੋਂ ਪਹਿਲਾਂ **VCH ਸਾਡੀਆਂ ਸਿਹਤ-ਸੰਭਾਲ ਸਹੂਲਤਾਂ ਅਤੇ ਕਾਰਵਾਈਆਂ ਕਰਕੇ ਚੌਗਿਰਦੇ 'ਤੇ ਪੈਣ ਵਾਲ਼ੇ ਅਸਰ ਘਟਾਉਣ ਬਾਰੇ ਕਾਰਵਾਈ ਕਰ ਰਿਹਾ ਸੀ।** ਵੀ ਸੀ ਐਚ (VCH) ਦੀ ਊਰਜਾ ਅਤੇ ਚੌਗਿਰਦੇ ਦੇ ਟਿਕਾਉਪਣ ਬਾਰੇ ਟੀਮ (Energy & Environmental Sustainability) ਹੇਠਾਂ ਦਿੱਤਿਆਂ ਰਾਹੀਂ ਊਰਜਾ ਅਤੇ ਚੌਗਿਰਦੇ ਦੇ ਟਿਕਾਉਪਣ ਵਿੱਚ ਇਲਾਕਾਈ ਆਗੂ ਬਣਨ ਲਈ ਕੰਮ ਕਰ ਰਿਹਾ ਹੈ:

## ਰਿਚਮੰਡ: ਇਲੈਕਟ੍ਰਿਕ ਗੱਡੀ (Electric Vehicle, EV) ਦੇ ਚਾਰਜਿੰਗ ਸਟੇਸ਼ਨ ਲਾਉਣੇ

ਰਿਚਮੰਡ ਹਸਪਤਾਲ, ਇਸ ਵੇਲੇ ਕੰਮ ਕਰ ਰਹੇ 30 ਸਟੇਸ਼ਨਾਂ ਨਾਲ ਇਲੈਕਟ੍ਰਿਕ ਗੱਡੀਆਂ ਦੇ ਸਭ ਤੋਂ ਵੱਧ ਚਾਰਜਿੰਗ ਸਟੇਸ਼ਨ ਲਾਉਣ ਦਾ ਘਰ ਬਣ ਗਿਆ ਹੈ। ਲਾਭਾਂ ਵਿੱਚ ਸ਼ਾਮਿਲ ਹਨ:

- ਗ੍ਰੀਨਹਾਉਸ ਗੈਸ ਦੀ ਨਿਕਾਸੀ ਵਿੱਚ ਵੱਡੀ ਕਮੀ ਹੁੰਦੀ ਹੈ
- ਭਾਈਚਾਰੇ ਵਿਚਲੀ ਹਵਾ ਦੀ ਪਲੀਤ ਵਿੱਚ ਸਿੱਧੀ ਕਮੀ ਹੁੰਦੀ ਹੈ
- ਦਮੇ, ਫੇਫੜੇ ਦੇ ਕੈਂਸਰ ਅਤੇ ਦਿਲ ਦੀ ਬਿਮਾਰੀ ਅਤੇ ਹੋਰ ਬਿਮਾਰੀਆਂ ਵਾਲ਼ੇ ਵਸਨੀਕਾਂ ਲਈ ਹਵਾ ਸਾਫ਼ ਕਰਨ ਵਿੱਚ ਮਦਦ ਮਿਲਦੀ ਹੈ।






*"ਇਹ ਯਕੀਨੀ ਬਣਾਉਣ ਲਈ ਕਿ ਅਸੀਂ ਭਵਿੱਖ ਵਿੱਚ ਐਲ ਜੀ ਐੱਚ ਲਾੱਇਨਸ ਗੇਟ ਹਸਪਤਾਲ (LGH) ਵਿਖੇ ਆਪਣੀ ਕੂਲਿੰਗ ਦੀ ਵਧੀ ਹੋਈ ਮੰਗ ਪੂਰੀ ਕਰ ਸਕੀਏ, ਇਸ ਕਰਕੇ ਅਸੀਂ ਇਤਿਹਾਸਕ ਰੁਝਾਨ ਦੀ ਥਾਂ ਜਲਵਾਯੂ ਦੇ ਅੰਦਾਜ਼ਿਆਂ ਦੇ ਅਧਾਰ 'ਤੇ ਬਦਲਣ ਵਾਲ਼ੇ ਉਪਕਰਣ ਦਾ ਅਕਾਰ ਬਦਲ ਰਹੇ ਹਾਂ"*

Sam Orr | ਸਹੂਲਤਾਂ ਦੇ ਬੁਨਿਆਦੀ ਢਾਂਚੇ ਬਾਰੇ ਵੈਨਕੂਵਰ ਕੋਸਟਲ ਹੈਲਥ (VCH) ਡਾਇਰੈਕਟਰ

## ਨੌਰਥ ਸ਼ੋਅਰ: ਗੰਭੀਰ ਸੰਭਾਲ ਅਤੇ ਲੰਮੀ-ਮਿਆਦ ਦੀ ਦੇਖਭਾਲ ਵਾਲ਼ੀਆਂ ਥਾਂਵਾਂ 'ਤੇ ਕੂਲਿੰਗ ਸਮਰੱਥਾ ਵਿੱਚ ਵਾਧਾ ਕਰਨਾ

ਜਦੋਂ 2021 ਵਿੱਚ ਗਰਮੀ ਦੀ ਤਪਸ਼ ਨੇ B.C. 'ਤੇ ਅਸਰ ਪਾਇਆ ਸੀ, ਤਾਂ ਗਰਮ ਮੌਸਮ ਲਈ ਵੈਨਕੂਵਰ ਕੋਸਟਲ ਹੈਲਥ (VCH) ਦੀ ਗੰਭੀਰ ਅਤੇ ਲੰਮੀ-ਮਿਆਦ ਦੀ ਸੰਭਾਲ ਕਰਨ ਵਾਲ਼ੀਆਂ ਥਾਂਵਾਂ ਤਿਆਰ ਕਰਨ ਲਈ ਸ਼ੁਰੂਆਤੀ ਕਾਰਜ ਬਾਰੇ ਪਹਿਲਾਂ ਹੀ ਗੱਲਬਾਤ ਸ਼ੁਰੂ ਹੋ ਚੁੱਕੀ ਸੀ। ਕੂਲਿੰਗ ਸਮਰੱਥਾ ਵਧਾਉਣ ਅਤੇ ਯਕੀਨੀ ਬਣਾਉਣ ਕਿ ਭਵਿੱਖ ਵਿਚ ਵਸਨੀਕਾਂ ਨੂੰ ਗਰਮ ਲੂ ਤੋਂ ਬਚਾ ਕੇ ਸੁਖਾਵਾਂ ਮਾਹੌਲ ਦੇਣ ਲਈ ਵੈਨਕੂਵਰ ਕੋਸਟਲ ਹੈਲਥ (VCH) ਦੀਆਂ ਲੰਮੀ-ਮਿਆਦ ਦੀ ਸੰਭਾਲ ਦੀਆਂ ਸਾਰੀਆਂ ਥਾਂਵਾਂ 'ਤੇ ਕੂਲਿੰਗ ਸਿਸਟਮ ਅਪਗ੍ਰੇਡ ਕਰਨ ਦਾ ਕੰਮ ਚੱਲ ਰਿਹਾ ਹੈ।

- 2021 ਵਿੱਚ, ਕੁਦਰਤੀ ਗੈਸ ਦੀ ਖਪਤ ਘੱਟ ਕਰਨ ਲਈ, ਗਰਮੀ 'ਤੇ ਕੰਟ੍ਰੋਲ ਕਰਕੇ ਅਤੇ ਕੈਮਪਸ ਵਿੱਚ ਭਵਿੱਖ ਵਿੱਚ ਚੱਲਣ ਵਾਲ਼ੀ ਲੂ ਲਈ ਢੁੱਕਵੀਂ ਕੂਲਿੰਗ ਸਮਰੱਥਾ ਯਕੀਨੀ ਬਣਾਉਣ ਲਈ ਐਲ ਜੀ ਐੱਚ ਕੂਲਿੰਗ ਪਲਾਂਟ ਦੀ ਰਣਨੀਤੀ (LGH Cooling Plant Strategy) ਮੁਕੰਮਲ ਕੀਤੀ ਗਈ ਸੀ।


- 2022 ਵਿੱਚ, ਪਹਿਲਾ ਪੜਾਅ ਮੁਕੰਮਲ ਕੀਤਾ ਜਾਏਗਾ, ਜਿਸ ਨਾਲ ਭਵਿੱਖ ਦੇ ਸਾਲਾਂ ਵਿੱਚ ਬਚਤਾਂ ਕੀਤੀਆਂ ਜਾ ਸਕਦੀਆਂ ਹਨ।

## ਵੈਨਕੂਵਰ: ਅੰਦਰੂਨੀ ਹਵਾ ਦੀ ਕੁਆਲਟੀ ਦੀ ਨਿਗਰਾਨੀ ਕਰਨਾ

ਘਰ ਦੇ ਅੰਦਰ ਅਤੇ ਬਾਹਰ ਹਵਾ ਦੀ ਕੁਆਲਿਟੀ ਦੀ ਭੂਮਿਕਾ ਦਾ ਮੁਲਾਂਕਣ ਕਰਨਾ ਵੀ ਸੀ ਐਚ (VCH) ਅਤੇ ਬਿਮਾਰੀ 'ਤੇ ਕੰਟ੍ਰੋਲ ਬਾਰੇ ਬੀ ਸੀ ਸੈਂਟਰ (BC Centre for Disease Control) ਵਰਗੇ ਮੁੱਖ ਭਾਈਵਾਲਾਂ ਲਈ ਅਧਿਐਨ ਦਾ ਇੱਕ ਪਸਾਰ ਕਰਨ ਵਾਲ਼ਾ ਖੇਤਰ ਹੈ।

2020 ਵਿੱਚ ਜੰਗਲਾਂ ਵਿੱਚ ਅੱਗ ਲੱਗਣ ਦਾ ਮੌਸਮ ਆਉਣ ਤੋਂ ਪਹਿਲਾਂ ਹੀ ਭਾਈਵਾਲਾਂ ਦੀ ਇਸ ਟੀਮ ਨੇ ਉਹਨਾਂ ਅਸਰਾਂ 'ਤੇ ਖੋਜ ਕਰਨੀ ਸ਼ੁਰੂ ਕੀਤੀ ਸੀ, ਜਿਸਦਾ ਬਾਹਰੀ ਹਵਾ ਦੀ ਮਾੜੀ ਕੁਆਲਟੀ ਦਾ ਅੰਦਰੂਨੀ ਹਵਾ ਦੀ ਕੁਆਲਟੀ ਅਤੇ ਮਰੀਜ਼ ਦੀ ਸਿਹਤ 'ਤੇ ਅਸਰ ਪੈ ਸਕਦਾ ਹੈ। ਖੋਜ ਵਿੱਚ ਹਵਾ ਦੀ ਕੁਆਲਟੀ ਮਾਪਣ ਅਤੇ ਭਵਿੱਖ ਵਿਚਲੀ ਜਲਵਾਯੂ ਦੀਆਂ ਐਮਰਜੈਂਸੀਆਂ ਲਈ ਮਦਦ ਵਾਸਤੇ ਤਿੰਨ ਮੁੱਖ ਥਾਂਵਾਂ ਦੇ ਵਿਲੱਖਣ ਪਹਿਲੂਆਂ ਦੀ ਪੜਤਾਲ ਕਰਨਾ ਸ਼ਾਮਿਲ ਸੀ।

ਸ਼ੁਰੂਆਤੀ ਨਤੀਜੇ ਲਾਹੇਵੰਦ ਲੱਗਦੇ ਹਨ, ਸਿਫ਼ਾਰਿਸ਼ਾਂ ਦੀ ਪਛਾਣ ਕਰਦਿਆਂ ਕਿ ਮੁਖ ਸਹੂਲਤਾਂ ਵਿਚਲਾ ਸਟਾਫ਼ ਭਵਿੱਖ ਵਿੱਚ ਲੱਗਣ ਵਾਲ਼ੀ ਜੰਗਲਾਂ ਦੀ ਅੱਗ ਜਾਂ ਹੋਰਨਾਂ ਘਟਨਾਵਾਂ ਦੀ ਸਥਿਤੀ ਵਿੱਚ ਕੰਮ ਕਰ ਸਕਦਾ ਹੈ, ਜਿਸ ਨਾਲ ਹਵਾ ਦੀ ਕੁਆਲਟੀ 'ਤੇ ਅਸਰ ਪੈ ਸਕਦਾ ਹੈ। ਅਧਿਐਨ ਦੇ ਇਸ ਨਵੇਂ ਖੇਤਰ ਦਾ ਉਦੇਸ਼ ਇਹ ਦੱਸਣਾ ਅਤੇ ਤਬਦੀਲੀ ਕਰਨਾ ਹੈ ਕਿ ਵੈਨਕੂਵਰ ਕੋਸਟਲ ਹੈਲਥ (VCH) ਇਮਾਰਤਾਂ ਦੇ ਡਿਜ਼ਾਈਨ ਨੂੰ ਕਿਵੇਂ ਅਤੇ ਚਲਾਉਂਦਾ ਹੈ ਅਤੇ ਇਹ ਗੱਲ ਬਿਹਤਰ ਤਰੀਕੇ ਨਾਲ ਸਮਝਣ ਵਿੱਚ ਮਦਦ ਕਰਦਾ ਹੈ ਕਿ ਸਿਹਤ-ਸੰਭਾਲ ਸਹੂਲਤਾਂ ਵਿੱਚ ਧੂੰਏਂ ਨੂੰ ਜਾਣ ਤੋਂ ਕਿਵੇਂ ਰੋਕਿਆ ਜਾ ਸਕਦਾ ਹੈ।



*ਅਗਸਤ 2021 ਵਿੱਚ ਵੈਨਕੂਵਰ ਵਿੱਚ ਥਰਡ ਬੀਚ (Third Beach) 'ਤੇ ਸੰਘਣੇ ਧੂੰਏਂ ਅਤੇ ਗਰਮੀ ਦੇ ਸੁਮੇਲ ਨੇ ਬਾਹਰੀ ਹਵਾ ਦੀ ਕੁਆਲਟੀ ਖ਼ਰਾਬ ਕਰ ਦਿੱਤੀ ਸੀ।*

## ਰਿਚਮੰਡ: ਚੌਗਿਰਦੇ ਦੀਆਂ ਵੰਗਾਰਾਂ ਨਾਲ ਨਜਿੱਠਣ ਲਈ ਵਧੀਆ ਢੰਗ ਨਾਲ ਉਸਾਰੀ ਕਰਨਾ

ਰਿਚਮੰਡ ਹਸਪਤਾਲ ਦੇ ਗੰਭੀਰ ਸੰਭਾਲ ਬਾਰੇ ਨਵੇਂ ਨੌ-ਮੰਜ਼ਿਲਾ ਟਾਵਰ, Yurkovich Family Pavilion 'ਤੇ ਭੂਚਾਲ ਦਾ ਅਸਰ ਨਹੀਂ ਹੋਏਗਾ ਅਤੇ ਇਸ ਨੂੰ ਹੜ੍ਹ ਵਾਲ਼ੀ ਜ਼ਮੀਨ ਤੋਂ ਉੱਪਰ ਕਰਕੇ ਉਸਾਰਿਆ ਗਿਆ ਹੈ। ਇਸ ਨਵੇਂ ਟਾਵਰ ਨੂੰ 100 ਫੀਸਦੀ ਕਾਰਬਨ ਮੁਕਤ ਬਣਾਉਣ ਦੀ ਯੋਜਨਾ ਹੈ।




*ਇੱਕ ਕਲਾਕਾਰ ਵਲੋਂ ਰਿਚਮੰਡ ਵਿੱਚ ਗੰਭੀਰ ਸੰਭਾਲ ਬਾਰੇ ਨਵੇਂ ਨੌ-ਮੰਜ਼ਿਲਾ ਟਾਵਰ ਦੀ ਪੇਸ਼ਕਾਰੀ*

## ਫ਼ਾਸਿਲ ਈਂਧਣ 'ਤੇ ਨਿਰਭਰਤਾ ਘਟਾਉਣੀ

ਵੈਨਕੂਵਰ ਕੋਸਟਲ ਹੈਲਥ (VCH) ਊਰਜਾ ਦੀ ਖਪਤ ਅਤੇ ਕਾਰਬਨ ਬਣਾਉਣ ਵਾਲ਼ੇ ਫ਼ਾਸਿਲ ਈਂਧਣ (ਜ਼ਮੀਨ ਵਿੱਚ ਜਾਨਵਰਾਂ ਅਤੇ ਪੌਦਿਆਂ ਦੇ ਸੜਨ ਨਾਲ ਬਣ ਵਾਲ਼ਾ ਈਂਧਣ) ਘਟਾਉਣ ਅਤੇ ਇਸਦੀ ਹਿਮਾਇਤ ਕਰਨ ਵਾਲ਼ੇ ਪ੍ਰੋਜੈਕਟਾਂ ਲਈ ਵਚਨਬੱਧ ਹੈ, ਜਿਹਨਾਂ ਨਾਲ ਸਾਡੇ ਸਟਾਫ਼ ਅਤੇ ਸਾਡੇ ਭਾਈਚਾਰੇ ਲਈ ਚੌਗਿਰਦੇ ਨਾਲ ਜੁੜੇ ਸਿਹਤ ਲਾਭ ਮਿਲਦੇ ਹਨ। ਫ਼ਾਸਿਲ ਈਂਧਣ ਨਾਲ ਚੱਲਣ ਵਾਲ਼ੀਆਂ ਗੱਡੀਆਂ ਦੀ ਵਰਤੋਂ ਨਾ ਕਰਨ ਨਾਲ ਹਵਾ ਵਿਚਲੀ ਪਲੀਤ ਅਤੇ ਇਸ ਨਾਲ ਜੁੜੇ ਅਬਾਦੀ 'ਤੇ ਪੈਣ ਵਾਲ਼ੇ ਮਾੜੇ ਸਿਹਤ ਅਸਰਾਂ ਵਿੱਚ ਚੋਖੀ ਕਮੀ ਆਉਂਦੀ ਹੈ। ਇਲੈਕਟ੍ਰਿਕ ਗੱਡੀ (EV) ਚਾਰਜਿੰਗ ਸਟੇਸ਼ਨ ਵਾਲ਼ੀਆਂ ਥਾਂਵਾਂ ਵੱਧ ਟਿਕਾਉ ਟ੍ਰਾਂਸਪੋਰਟੇਸ਼ਨ ਦੇ ਵਿਕਲਪ ਹਨ, ਜਿਵੇਂ ਇਲੈਕਟ੍ਰਿਕ ਗੱਡੀਆਂ ਲੈਣ ਲਈ ਸਟਾਫ਼ ਅਤੇ ਭਾਈਚਾਰੇ ਦੇ ਮੈਂਬਰਾਂ ਦੀ ਮਦਦ ਕਰਦੀਆਂ ਹਨ।



*ਰਿਚਮੰਡ ਹਸਪਤਾਲ 'ਤੇ ਇਲੈਕਟ੍ਰਿਕ ਗੱਡੀ ਦਾ ਚਾਰਜਿੰਗ ਸਟੇਸ਼ਨ।*




**39 ਫੀਸਦੀ ਸਟਾਫ਼ ਦੀ ਇੱਕ ਇਲੈਕਟ੍ਰਿਕ ਗੱਡੀ ਲੈਣ ਦੀ ਯੋਜਨਾ ਹੈ (ਗ੍ਰੀਨਕੇਅਰ (GreenCare) ਸਰਵੇਖਣ 2021)**



**ਸੂਬਾਈ ਸਰਕਾਰ ਨੇ ਮਈ 2019 ਵਿੱਚ ਇੱਕ ਕਾਨੂੰਨ ਪਾਸ ਕੀਤਾ ਸੀ, ਜਿਸ ਹੇਠ 2040 ਤੱਕ ਧੂੰਏਂ ਵਾਲ਼ੀਆਂ ਗੱਡੀਆਂ ਤੋਂ ਛੁਟਕਾਰਾ ਲੈਣ ਲਈ B.C. ਵਿੱਚ ਹਰ ਨਵੀਂ ਇਲੈਕਟ੍ਰਿਕ ਕਾਰ ਵੇਚਣੀ ਪੈਣੀ ਹੈ।**



**ਕਾਰਬਨ ਨਿਉਟ੍ਰਲ ਕੈਪੀਟਲ ਪ੍ਰੋਗਰਾਮ (Carbon Neutral Capital Program) ਅਤੇ ਸੂਬਾਈ ਕਲੀਨ BC (CleanBC) ਜਲਵਾਯੂ ਰਣਨੀਤੀ ਨਾਲ ਤਾਲਮੇਲ ਵਿੱਚ B.C. ਸਿਹਤ ਵਿਭਾਗ ਤੋਂ ਪ੍ਰਾਪਤ ਰਕਮਾਂ ਨਾਲ ਇਲੈਕਟ੍ਰਿਕ ਗੱਡੀ (EV) ਦੀਆਂ ਥਾਵਾਂ ਬਣਾਉਣਾ ਸੰਭਵ ਹੋਇਆ ਸੀ**



# ਸਭਿਆਚਾਰਕ ਤੌਰ ‘ਤੇ ਸੁਰੱਖਿਅਤ ਸੰਭਾਲ





# ਮੂਲ-ਨਿਵਾਸੀਆਂ ਦੀ ਸਿਹਤ ਟੀਮ ਦਾ ਪਸਾਰ ਕੀਤਾ ਗਿਆ ਹੈ

ਪਤਝੜ ਵਿੱਚ, ਵੈਨਕੂਵਰ ਕੋਸਟਲ ਹੈਲਥ ਨੇ ਇਨ ਪਲੇਨ ਸਾਈਟ: B.C. ਹੈਲਥ ਕੇਅਰ ਰਿਪੋਰਟ ਵਿੱਚ ਖ਼ਾਸ ਤੌਰ 'ਤੇ ਮੂਲ-ਨਿਵਾਸੀਆਂ ਨਾਲ ਹੋਣ ਵਾਲ਼ੀ ਨਸਲਪ੍ਰਸਤੀ ਅਤੇ ਪੱਖਪਾਤ ਨਾਲ ਨਜਿੱਠਣਾ (**In Plain Sight: Addressing Indigenous-specific Racism and Discrimination in B.C. Health Care**) ਵਿੱਚ ਦਿੱਤੀਆਂ ਗਈਆਂ ਸਿਫ਼ਾਰਿਸ਼ਾਂ ਦੀ ਪਾਲਣਾ ਕਰਦਿਆਂ ਮੂਲ ਨਿਵਾਸੀਆਂ ਦੀ ਇੱਕ ਨਵੀਂ ਸਿਹਤ ਲੀਡਰਸ਼ਿਪ ਟੀਮ ਬਣਾਈ ਹੈ।

ਲੈਸਲੀ ਬੌਨਸ਼ੋਰ, ਜੋ ਇਸ ਸਮੇਂ ਵੀ ਸੀ ਐਚ (VCH) ਨਾਲ ਮੂਲ-ਨਿਵਾਸੀਆਂ ਦੀ ਸਿਹਤ ਬਾਰੇ ਵਾਈਜ਼ ਪ੍ਰੈਜ਼ੀਡੈਂਟ ਹਨ, ਪਸਾਰ ਵਾਲ਼ੀ ਟੀਮ ਦੀ ਅਗਵਾਈ ਕਰ ਰਹੇ ਹਨ ਅਤੇ ਉਹਨਾਂ ਦੀ ਭੂਮਿਕਾ ਇਨ ਪਲੇਨ ਸਾਈਟ (In Plain Sight) ਰਿਪੋਰਟ ਅਨੁਸਾਰ ਹੈ ਕਿ B.C. ਸਰਕਾਰ ਦੀਆਂ ਸਿਹਤ ਸੇਵਾ ਸਬੰਧੀ ਜੱਥੇਬੰਦੀਆਂ, ਪ੍ਰੋਵਾਈਡਰ ਅਤੇ ਸਹੂਲਤਾਂ ਮੂਲ-ਨਿਵਾਸੀਆਂ ਨੂੰ ਸਿਸਟਮ ਵਿੱਚ ਲੋੜੀਂਦੀ ਤਬਦੀਲੀ ਦੀ ਨਿਗਰਾਨੀ ਕਰਨ ਅਤੇ ਉਤਸ਼ਾਹ ਦੇਣ ਲਈ ਵੱਡੇ ਅਹੁਦਿਆਂ 'ਤੇ ਭਰਤੀ ਕਰਦੀਆਂ ਹਨ।

ਲੈਸਲੀ ਦਾ ਕੰਮ ਇਹ ਯਕੀਨੀ ਬਣਾਉਣ ਵਿੱਚ ਮਦਦ ਕਰਨਾ ਹੈ ਕਿ ਮੂਲ-ਨਿਵਾਸੀਆਂ ਦੀ ਸਿਹਤ (Indigenous Health) ਸਹਾਇਤਾ ਅਤੇ ਸੱਚ ਅਤੇ ਮੇਲ-ਮਿਲਾਪ ਕਮਿਸ਼ਨ (Truth & Reconciliation Commission) ਦੀ ਰਿਪੋਰਟ ਕਾਰਵਾਈ ਲਈ ਸੱਦਾ ਦੇਣ ਬਾਰੇ ਦੱਸਦੀ ਹੈ ਅਤੇ ਮੂਲ-ਨਿਵਾਸੀ ਲੋਕਾਂ ਬਾਰੇ ਸੰਯੁਕਤ ਰਾਸ਼ਟਰ ਦਾ ਐਲਾਨਨਾਮਾ (United Nations Declaration of Indigenous People) ਅਤੇ ਮੂਲ-ਨਿਵਾਸੀ ਲੋਕਾਂ ਦੇ ਹੱਕਾਂ ਬਾਰੇ ਕਾਨੂੰਨ ਸਬੰਧੀ B.C. ਐਲਾਨਨਾਮਾ (B.C. Declaration on the Rights of Indigenous Peoples Act) ਬਹਾਲ ਰੱਖਣ ਅਤੇ ਸਮਰੱਥ ਬਣਾਉਣ ਵਿੱਚ ਮਦਦ ਕਰਦੀ ਹੈ ਅਤੇ ਪ੍ਰਤੱਖ ਤੌਰ 'ਤੇ ਰਿਪੋਰਟ ਵਿਚਲੀਆਂ ਸਿਫ਼ਾਰਿਸ਼ਾਂ ਦੀ ਹਿਮਾਇਤ ਕਰਦੀ ਹੈ।

ਇਹ ਅਸਰਦਾਰ ਰਿਪੋਰਟ B.C. ਸਿਹਤ-ਸੰਭਾਲ ਸਿਸਟਮ 'ਤੇ ਧਿਆਨ ਦਿੰਦੀ ਹੈ ਅਤੇ ਸਾਡੇ ਇਲਾਕੇ ਵਿਚਲੇ ਫ਼ਸਟ ਨੇਸ਼ਨਸ, ਇਨੁਇਟ ਅਤੇ ਮੈਟਿਸ ਵਾਲੇ ਭਾਈਵਾਲ ਦੇ ਨਾਲ ਹੀ Métis ਨੇਸ਼ਨ B.C. (Métis Nation B.C.), ਫ਼ਸਟ ਨੇਸ਼ਨਸ ਸਿਹਤ ਅਥਾਰਿਟੀ (First Nations Health Authority), ਫ਼ਸਟ ਨੇਸ਼ਨਸ ਸਿਹਤ ਕੌਂਸਲ (First Nations Health Council) ਅਤੇ ਫ਼ਸਟ ਨੇਸ਼ਨਸ ਦੇ ਸਿਹਤ ਡਾਇਰੈਕਟਰਾਂ ਦੀ ਐਸੋਸੀਏਸ਼ਨ (First Nations Health Directors Association) ਲਈ ਸਮੁੱਚੇ ਸਿਹਤ-ਸੰਭਾਲ ਸਿਸਟਮ ਦੇ ਆਗੂਆਂ ਨਾਲ ਸਹਿਯੋਗ ਕਰਦੀ ਹੈ।




*"ਇੱਕ ਜੱਥੇਬੰਦੀ ਵਜੋਂ ਵੀ ਸੀ ਐਚ (VCH) ਨੇ ਇਨ ਪਲੇਨ ਸਾਈਟ (In Plain Sight) ਰਿਪੋਰਟ ਦੇ ਸਿੱਟਿਆਂ ਨੂੰ ਮਾਣਤਾ ਦਿੱਤੀ ਹੈ ਅਤੇ ਉਹਨਾਂ ਨੂੰ ਪ੍ਰਵਾਣ ਕੀਤਾ ਹੈ ਅਤੇ ਸਾਰੀਆਂ ਦੀਆਂ ਸਾਰੀਆਂ 24 ਸਿਫ਼ਾਰਿਸ਼ਾਂ 'ਤੇ ਕਾਰਵਾਈ ਕੀਤੀ ਜਾਏਗੀ। ਜਿਸ ਢੰਗ ਨਾਲ ਸਿਹਤ-ਸੰਭਾਲ ਜੱਥੇਬੰਦੀ ਅਗਵਾਈ ਕਰ ਰਹੀ ਹੈ, ਮੈਨੂੰ ਇਸਦਾ ਹਿੱਸਾ ਬਣਨ 'ਤੇ ਮਾਣ ਹੈ। ਕਿਸੇ ਹੋਰ ਦੇ ਉਲਟ, ਸਾਡੀ ਮੂਲ-ਨਿਵਾਸੀਆਂ ਦੀ ਸਿਹਤ ਟੀਮ ਸਾਡੀ ਪੂਰੀ ਸਿਹਤ ਅਥਾਰਿਟੀ ਦੇ ਅਗਵਾਈ ਦੇ ਪੱਧਰ ਤੋਂ ਲੈਕੇ ਮੂਹਰਲੀਆਂ ਸੇਵਾਵਾਂ ਤੋਂ ਮੂਲ-ਨਿਵਾਸੀਆਂ ਦੀ ਜਾਣਕਾਰੀ ਅਤੇ ਮੁਹਾਰਤ ਨੂੰ ਯਕੀਨੀ ਬਣਾਉਂਦੀ ਹੈ।"*

Leslie Bonshor | ਵਾਈਜ਼ ਪ੍ਰੈਜ਼ੀਡੈਂਟ, ਮੂਲ-ਨਿਵਾਸੀਆਂ ਦੀ ਸਿਹਤ



# ਨਵੇਂ ਮਰੀਜ਼ ਦੀ ਅਨੁਭਵ ਬਾਰੇ ਟੀਮ ਨਾਲ ਭਰੋਸਾ ਕਾਇਮ ਕਰਨਾ

ਮੂਲ-ਨਿਵਾਸੀ ਮਰੀਜ਼ਾਂ ਦੇ ਅਨੁਭਵ ਬਾਰੇ ਟੀਮ ਦੇ ਡਾਇਰੈਕਟਰ ਵਜੋਂ, ਲੋਰੀ ਕੁਇਨ—20 ਸਾਲ ਤੋਂ ਵੱਧ ਸਮੇਂ ਲਈ ਇੱਕ ਨਰਸ ਰਹੇ ਹਨ— ਨੇ ਦੱਸਿਆ ਹੈ ਕਿ ਜਦੋਂ ਤੋਂ ਮੂਲ-ਨਿਵਾਸੀਆਂ ਲਈ ਨਰਸਿੰਗ ਪੌਡ ਪ੍ਰੋਗਰਾਮ (Indigenous Nursing Pod Program) ਸ਼ੁਰੂ ਹੋਇਆ ਸੀ, ਫ਼ਸਟ ਨੇਸ਼ਨਸ ਦੇ ਭਾਈਚਾਰਿਆਂ ਵਿੱਚ ਟੀਕਾਕਰਣ ਦੀਆਂ ਦਰਾਂ ਵਿੱਚ ਸੁਧਾਰ ਕਰਨ ਲਈ ਇਸ ਪ੍ਰੋਗਰਾਮ ਦੀ ਅਹਿਮੀਅਤ ਬਣੀ ਹੋਈ ਹੈ।

Emily McLeod ਅਤੇ Brandi Dan, ਦੋਵੇਂ ਲੰਮੇ ਸਮੇਂ ਤੋਂ ਨਰਸਾਂ ਹਨ, ਜਿਹਨਾਂ ਨੇ ਮੂਲ-ਨਿਵਾਸੀ ਵਜੋਂ ਸਵੈ-ਪਛਾਣ ਅਤੇ ਅਕਸਰ ਆਪਣੀਆਂ ਨਰਸਿੰਗ ਦੀਆਂ ਸ਼ਿਫ਼ਟਾਂ ਵਿਚਕਾਰ ਫ਼ਸਟ ਨੇਸ਼ਨਸ ਲਈ ਟੀਕੇ ਵੰਡਣ ਲਈ ਮੂਲ-ਨਿਵਾਸੀਆਂ ਲਈ ਨਰਸਿੰਗ ਪੌਡ ਪ੍ਰੋਗਰਾਮ ਦਾ ਹਿੱਸਾ ਬਣਨ ਲਈ ਹੁੰਗਾਰਾ ਭਰਿਆ ਸੀ।

ਆਪਣੀਆਂ ਟੀਮਾਂ ਵਿੱਚ ਹੋਰਨਾਂ ਲੋਕਾਂ ਦੇ ਨਾਲ ਉਹਨਾਂ ਨੇ 20 ਤੋਂ ਵੱਧ ਕਲਿਨਿਕਾਂ ਦਾ ਪ੍ਰਬੰਧ ਕੀਤਾ ਹੈ, ਜੋ ਸਭ ਤੋਂ ਪਹਿਲਾਂ ਭਾਈਚਾਰੇ ਦੇ ਮੈਂਬਰਾਂ ਦੀਆਂ ਜ਼ਰੂਰਤਾਂ ਨੂੰ ਤਰਜੀਹ ਦਿੰਦੇ ਹਨ, ਜਿਵੇਂ ਜਦੋਂ ਮੁੱਖ ਮੂਲ-ਨਿਵਾਸੀ ਬਜ਼ੁਰਗ ਹਿੱਸਾ ਲੈਣ ਲਈ ਤਿਆਰ ਹੋਣ, ਤਾਂ ਇੱਕ ਦਿਨ ਨੂੰ ਟੀਕਾਕਰਣ ਦਿਨ ਵਜੋਂ ਤੈਅ ਕਰਨਾ।


ਅੰਦਰੂਨੀ BC ਵਿੱਚ Bonaparte First Nation ਦੀ ਇੱਕ ਮੈਂਬਰ Brandi ਲਈ ਨਵੇਕਲੀ ਟੀਮ ਵਿੱਚ ਰੱਖਣਾ ਉਸ ਲਈ ਬਹੁਤ ਅਹਿਮ ਗੱਲ ਹੈ। ਉਸਨੇ ਭਾਈਚਾਰੇ ਦੇ ਇੱਕ ਮੈਂਬਰ ਨੂੰ ਯਾਦ ਕਰਦਿਆਂ ਦੱਸਿਆ ਕਿ ਉਹ ਬਹੁਤ ਡਰੀ ਹੋਈ ਸੀ ਅਤੇ ਟੀਕਾ ਲੁਆਉਣ ਵਿੱਚ ਅੜਿੱਕਾ ਪਾ ਰਹੀ ਸੀ, ਪਰ ਆਖ਼ਰਕਾਰ ਉਹ ਆਪਣੀ ਸਹਾਇਕ ਵਰਕਰ ਅਤੇ ਥੈਰੇਪੀ ਡੌਗ ਨਾਲ ਕਲਿਨਿਕ ਆਈ ਸੀ।



*ਵੈਨਕੂਵਰ ਜਨਰਲ ਹਸਪਤਾਲ ਵਿੱਚ ਮੂਲ-ਨਿਵਾਸੀ ਮਰੀਜ਼ਾਂ ਦੇ ਅਨੁਭਵ ਬਾਰੇ ਟੀਮ (Vancouver General Hospital)।*

*"ਮੇਰੇ ਕੋਲ ਉਸ ਨਾਲ ਗੱਲ ਕਰਨ ਲਈ ਸਮਾਂ ਸੀ, ਉਸਦੇ ਸਾਰੇ ਸੁਆਲਾਂ ਦੇ ਜਵਾਬ ਦਿੱਤੇ; ਅਸੀਂ ਉਸਦੇ ਕੁੱਤੇ ਨਾਲ ਖੇਡੇ ਸੀ ਅਤੇ ਫਿਰ ਉਹ ਤਿਆਰ ਹੋ ਗਈ ਸੀ। ਇਹ ਸਿਰਫ਼ ਇੱਕ ਟੀਕਾ ਹੈ, ਪਰ ਉਹ ਸਾਰੇ 'ਮਹਿਜ਼ ਇੱਕ ' ਟੀਕਾ ਹਨ ਅਤੇ ਇਸ ਗੱਲ ਦੀ ਆਪਣੀ ਅਹਿਮੀਅਤ ਹੈ।"*

Brandi Dan | ਨਰਸ




Lori Quinn ਦਾ ਕਹਿਣਾ ਹੈ ਕਿ ਉਹ ਇਸ ਤਰ੍ਹਾਂ ਦੀਆਂ ਟੀਮਾਂ ਦੀ ਅਹਿਮੀਅਤ ਨੂੰ ਹੋਰ ਸੰਕਟਾਂ, ਜਿਵੇਂ ਹੜ੍ਹ, ਜੰਗਲਾਂ ਦੀ ਅੱਗ ਜਾਂ ਇੱਥੋਂ ਤੱਕ ਕਿ ਖ਼ਾਸ ਭਾਈਚਾਰਿਆਂ ਵਿੱਚ ਸਟਾਫ਼ ਲਈ ਉਪਲਬਧ ਹੋਣ ਵਜੋਂ ਵੇਖਦੀ ਹੈ। ਉਸਨੇ ਕਿਹਾ ਕਿ "ਮੈਂ ਵੀ ਸੀ ਐਚ (VCH) ਦਾ ਹਿੱਸਾ ਬਣਨ ਲਈ ਸ਼ੁਕਰਗੁਜ਼ਾਰ ਹਾਂ ਅਤੇ ਸੱਚ ਅਤੇ ਮੇਲ-ਮਿਲਾਪ ਕਮਿਸ਼ਨ (Truth & Reconciliation Commission, TRC) ਦੇ ਕਾਰਵਾਈ ਦੇ ਸੱਦੇ ਨਾਲ ਇੱਕ ਠੋਸ ਤਰੀਕੇ ਨਾਲ ਨਜਿੱਠ ਰਹੀ ਹਾਂ"।

Brandi ਇਸ ਵਿੱਚ ਸ਼ਾਮਿਲ ਹਰ ਇੱਕ ਨਰਸ ਦੀ ਨਿਜੀ ਅਹਿਮੀਅਤ ਦਾ ਜ਼ਿਕਰ ਕਰਦੀ ਹੈ: ਉਹ ਕਹਿੰਦੀ ਹੈ, "ਮੇਰੇ ਵਰਗੇ ਮੂਲ-ਨਿਵਾਸੀਆਂ ਦੇ ਭਾਈਚਾਰਿਆਂ ਨੂੰ ਸੁਰੱਖਿਅਤ ਰਹਿਣ ਵਿੱਚ ਮਦਦ ਕਰਨ ਦਾ ਵਿਸ਼ੇਸ਼-ਅਧਿਕਾਰ ਬਹੁਤ ਹੀ ਤਸੱਲੀਬਖ਼ਸ਼ ਰਿਹਾ ਹੈ।



*"ਇਹ ਸਾਰੀਆਂ ਗੱਲਾਂ ਮੂਲ ਨਾਲ ਜੁੜੀਆਂ ਲੱਗਦੀਆਂ ਹਨ।"*

Lori Quinn | ਮਰੀਜ਼ਾਂ ਦੇ ਅਨੁਭਵ ਬਾਰੇ ਡਾਇਰੈਕਟਰ



# ਸਭਿਆਚਾਰਕ ਤੌਰ ‘ਤੇ ਸੁਰੱਖਿਅਤ ਥਾਂਵਾਂ ਲਈ ਸਟਾਫ਼ ਨੂੰ ਸਿੱਖਿਅਤ ਕਰਨਾ ਅਤੇ ਮਦਦ ਕਰਨੀ

ਮੂਲ-ਨਿਵਾਸੀਆਂ ਦੀ ਸਭਿਆਚਾਰਕ ਸੁਰੱਖਿਆ (Indigenous Cultural Safety, ICS) ਦੇ ਮੈਂਬਰਾਂ ਅਤੇ ਮੂਲ-ਨਿਵਾਸੀਆਂ ਬਾਰੇ ਖੋਜ ਅਤੇ ਮੁਲਾਂਕਣ ਟੀਮਾਂ ਨੇ ਐਮਰਜੈਂਸੀ ਸੇਵਾਵਾਂ ਤੱਕ ਪਹੁੰਚ ਕਰਨ ਲਈ ਮੂਲ-ਨਿਵਾਸੀਆਂ ਦੇ ਅਨੁਭਵ ਨੂੰ ਬਿਹਤਰ ਬਣਾਉਣ ਵਾਸਤੇ ਮੂਲ-ਨਿਵਾਸੀਆਂ ਦੀ ਸਭਿਆਚਾਰਕ ਸੁਰੱਖਿਆ ਬਾਰੇ ਪਹਿਲ ਕਰਨ ਲਈ ਵੈਨਕੂਵਰ ਜਨਰਲ ਹਸਪਤਾਲ ਦੇ ਐਮਰਜੈਂਸੀ ਵਿਭਾਗ ਨਾਲ ਭਾਈਵਾਲੀ ਕੀਤੀ ਹੈ।

ਸਾਲ ਭਰ ਚੱਲਣ ਵਾਲ਼ੀ ਇਹ ਪਹਿਲ ਐਮਰਜੈਂਸੀ ਵਿਭਾਗ ਦੇ ਸਟਾਫ਼ ਨੂੰ ਸਿੱਖਿਅਤ ਕਰਨ ਵਿੱਚ ਅਤੇ ਮਦਦ ਮੁਹੱਈਆ ਕਰਾਏਗੀ, ਤਾਂ-ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਮੂਲ-ਨਿਵਾਸੀ ਲੋਕਾਂ ਦੀ ਦੇਖਭਾਲ ਦੇ ਅਜਿਹੇ ਮਾਹੌਲ ਤੱਕ ਪਹੁੰਚ ਹੋਵੇ, ਜਿੱਥੇ ਉਹ ਸੁਰੱਖਿਅਤ, ਮਾਣ ਨਾਲ ਭਰੇ ਹੋਏ ਅਤੇ ਅਪਣਾਏ ਗਏ ਵਾਂਗ ਮਹਿਸੂਸ ਕਰਦੇ ਹਨ ਅਤੇ ਦੇਖਭਾਲ ਕੀਤੇ ਜਾਣ ਦੇ ਅਨੁਭਵ ਦੇ ਨਾਲ ਆਪਣੀ ਸੰਤੁਸ਼ਟੀ ਬਾਰੇ ਗੱਲ ਕਰਨ ਦੇ ਸਮਰੱਥ ਹਨ।

*“ਮੂਲ-ਨਿਵਾਸੀਆਂ ਦੀ ਸਭਿਆਚਾਰਕ ਸੁਰੱਖਿਆ ਸਬੰਧੀ ਸਿਖਲਾਈ ਮੇਲ-ਮਿਲਾਪ ਵਲ ਉਹਨਾਂ ਦੇ ਸਫ਼ਰ ਵਿੱਚ ਸਟਾਫ਼ ਦੀ ਮਦਦ ਕਰਨ ਲਈ ਮਜ਼ਬੂਤ ਨੀਂਹ ਮੁਹੱਈਆ ਕਰਦੀ ਹੈ ਅਤੇ ਇਹ ਯਕੀਨੀ ਬਣਾਉਣ ਵਿੱਚ ਮਦਦ ਕਰਦੀ ਹੈ ਕਿ ਅਸੀਂ ਸਭਿਆਚਾਰਕ ਤੌਰ ‘ਤੇ ਸੁਰੱਖਿਅਤ ਸੰਭਾਲ ਮੁਹੱਈਆ ਕਰ ਰਹੇ ਹਾਂ। ਅਸੀਂ ਐਮਰਜੈਂਸੀ ਵਿਭਾਗ ਅਤੇ ਮੈਡੀਕਲ ਸਟਾਫ਼ ਲਈ ਇਹ ਉਸਾਰੂ ਅਤੇ ਅਸਰਦਾਰ ਸਿੱਖਿਆ ਦੇਣ ਲਈ ਮੂਲ-ਨਿਵਾਸੀਆਂ ਦੀ ਸਿਹਤ ਟੀਮ ਨਾਲ ਭਾਈਵਾਲੀ ਕਰਨ ਦੇ ਮੌਕੇ ਬਾਰੇ ਉਤਸ਼ਾਹਿਤ ਹਾਂ।”*

Lori Korchinski | ਐਮਰਜੈਂਸੀ ਵਿਭਾਗ ਦੀਆਂ ਕਾਰਵਾਈਆਂ ਬਾਰੇ ਡਾਇਰੈਕਟਰ



*ਮੂਲ-ਨਿਵਾਸੀਆਂ ਦੀ ਸਿਹਤ ਟੀਮ ਨੇ ਵੈਨਕੂਵਰ ਜਨਰਲ ਹਸਪਤਾਲ ਦੇ ਐਮਰਜੈਂਸੀ ਵਿਭਾਗ ਵਿੱਚ ਮੂਲ-ਨਿਵਾਸੀਆਂ ਦੀ ਸਭਿਆਚਾਰਕ ਸੁਰੱਖਿਆ ਸਿਖਲਾਈ ਸੈਸ਼ਨ ਦਾ ਪ੍ਰਬੰਧ ਕੀਤਾ ਸੀ।*

ਗ਼ੈਰ ਮੂਲ-ਨਿਵਾਸੀ ਲੋਕਾਂ ਦੀ ਅਬਾਦੀ ਦੇ ਮੁਕਾਬਲੇ ਕਈ ਇਲਾਕਿਆਂ ਵਿੱਚ ਅੰਕੜਿਆਂ ਦੇ ਹਿਸਾਬ ਨਾਲ ਮੂਲ-ਨਿਵਾਸੀਆਂ ਦੇ ਸਿਹਤ ਨਤੀਜੇ ਘੱਟ ਹਨ ਅਤੇ ਇਹਨਾਂ ਨਾਬਰਾਬਰੀਆਂ ਨੂੰ ਘਟਾਉਣ ਲਈ ਸਭਿਆਚਾਰਕ ਤੌਰ ‘ਤੇ ਅਸਰਦਾਰ ਢੁੱਕਵੀਂ ਸੰਭਾਲ ਜ਼ਰੂਰੀ ਹੈ।

**ਪ੍ਰਤੱਖ ਤੌਰ ‘ਤੇ ਦੀ (In Plain Sight)** ਹਾਲੀਆਂ ਰਿਪੋਰਟ ਤੋਂ ਮਿਲੇ ਨਤੀਜਿਆਂ ਵਿੱਚ B.C. ਦੇ ਸਿਹਤ-ਸੰਭਾਲ ਸਿਸਟਮ ਦੇ ਅੰਦਰ ਖ਼ਾਸ ਤੌਰ ‘ਤੇ ਮੂਲ-ਨਿਵਾਸੀਆਂ ਨਾਲ ਨਸਲਪ੍ਰਸਤੀ ਦੇ ਉੱਚੇ ਪੱਧਰ ਵੇਖੇ ਗਏ ਹਨ, ਜਿਹਨਾਂ ਨੇ ਮੂਲ-ਨਿਵਾਸੀ ਲੋਕਾਂ ਦੀ ਸਿਹਤ ਅਤੇ ਭਲਾਈ ‘ਤੇ ਬੁਰੀ ਤਰ੍ਹਾਂ ਅਸਰ ਪਾਇਆ ਹੈ। ਫ਼ਸਟ ਨੇਸ਼ਨਸ, ਮੈਟਿਸ ਅਤੇ ਇਨੂਇਟ ਭਾਈਚਾਰਿਆਂ ਦੇ ਨਾਲ ਹੀ ਸਮੁੱਚੇ B.C. ਤੋਂ ਮਰੀਜ਼ ਵੈਨਕੂਵਰ ਕੋਸਟਲ ਹੈਲਥ (VGH) ਦੇ ਐਮਰਜੈਂਸੀ ਵਿਭਾਗ ਤੱਕ ਪਹੁੰਚ ਕਰਦੇ ਹਨ।





# ਮੂਲ-ਨਿਵਾਸੀ ਔਰਤਾਂ ਅਤੇ ਪਰਿਵਾਰਾਂ ਦੀ ਸਿਹਤ ਲਈ ਸਭ ਤੋਂ ਅਹਿਮ ਉਸਾਰੂ ਤਬਦੀਲੀ

ਵੈਨਕੂਵਰ ਕੋਸਟਲ ਹੈਲਥ (ਵੀ ਸੀ ਐਚ (VCH)) ਸਿਹਤ ਸਬੰਧੀ ਦੇਖਭਾਲ ਦੀ ਸੈਟਿੰਗ ਵਿੱਚ ਮੂਲ-ਨਿਵਾਸੀ ਔਰਤਾਂ ਦੀ ਦੇਖਭਾਲ ਦੇ ਤਰੀਕੇ ਤਿਆਰ ਕਰ ਰਿਹਾ ਹੈ। **ਇਨ ਪਲੇਨ ਸਾਈਟ : B.C. ਹੈਲਥ ਕੇਅਰ ਰਿਪੋਰਟ ਵਿੱਚ ਖ਼ਾਸ ਤੌਰ 'ਤੇ ਮੂਲ-ਨਿਵਾਸੀਆਂ ਨਾਲ ਹੋਣ ਵਾਲ਼ੀ ਨਸਲਪ੍ਰਸਤੀ ਅਤੇ ਪੱਖਪਾਤ ਨਾਲ ਨਜਿੱਠਣ (In Plain Sight: Addressing Indigenous-specific Racism and Discrimination in B.C. Health Care)** ਬਾਰੇ ਰਿਪੋਰਟ ਨੇ ਸਿੱਧੇ ਅਨੁਭਵ ਸਾਂਝੇ ਕੀਤੇ ਹਨ ਅਤੇ ਮੂਲ-ਨਿਵਾਸੀ ਔਰਤਾਂ ਲਈ ਸੂਬੇ ਵਿੱਚ ਸਿਹਤ-ਸੰਭਾਲ ਚਾਹੁਣ ਵਾਲ਼ਿਆਂ ਅਤੇ ਲੈਣ ਵਾਲ਼ਿਆਂ ਨਾਲ ਹੋਣ ਵਾਲ਼ੇ ਪੱਖਪਾਤ ਬਾਰੇ ਅੰਕੜਿਆਂ ਵਿੱਚ ਉਚੇਚੇ ਤੌਰ 'ਤੇ ਜ਼ਿਕਰ ਕੀਤਾ ਹੈ। ਇਸਦੇ ਜਵਾਬ ਵਿੱਚ ਵੀ ਸੀ ਐਚ (VCH) ਦੀ ਮੂਲ-ਨਿਵਾਸੀਆਂ ਦੀ ਸਿਹਤ (Iindigenous Health) ਬਾਰੇ ਟੀਮ ਨੇ ਮੂਲ-ਨਿਵਾਸੀ ਔਰਤਾਂ ਲਈ ਉਸਾਰੂ ਤਬਦੀਲੀ 'ਤੇ ਅਸਰ ਪਾਉਣ ਲਈ ਇੱਕ ਰਣਨੀਤੀ ਤਿਆਰ ਕੀਤੀ ਹੈ, ਜਿਸ ਨਾਲ ਸਭਿਆਚਾਰਕ ਤੌਰ 'ਤੇ ਸੁਰੱਖਿਅਤ ਅਤੇ ਬਿਹਤਰ ਸਿਹਤ ਨਤੀਜਿਆਂ ਤੱਕ ਅਸਾਨੀ ਨਾਲ ਪਹੁੰਚ ਕੀਤੀ ਜਾ ਸਕੇ।



*"ਮੂਲ-ਨਿਵਾਸੀ ਔਰਤਾਂ ਆਗੂ ਅਤੇ ਕੁਲ-ਮਾਤਾ ਹਨ। ਜੇ ਅਸੀਂ ਉਹਨਾਂ ਨੂੰ ਅੱਗੇ ਵਧਾਉਂਦੇ ਹਾਂ, ਤਾਂ ਅਸੀਂ ਸਮੁੱਚੇ ਭਾਈਚਾਰਿਆਂ ਨੂੰ ਅੱਗੇ ਵਧਾਉਂਦੇ ਹਾਂ। ਅਸੀਂ ਇਹਨਾਂ ਸਾਖਿਆਤ ਅਨੁਭਵਾਂ ਅਤੇ ਰਿਪੋਰਟ ਕੀਤੇ ਗਏ ਡਾਟਾ ਲਈ ਥਾਂ ਬਣਾਉਣ ਵਾਸਤੇ ਮੂਲ-ਨਿਵਾਸੀ ਔਰਤਾਂ ਦੀ ਇੱਕ ਟੀਮ ਬਣਾਈ ਹੈ। ਇਹਨਾਂ ਆਗੂ ਔਰਤਾਂ ਨੂੰ ਸਰਬਵਿਆਪੀ ਅੜਿੱਕਿਆਂ, ਨਸਲਪ੍ਰਸਤੀ ਅਤੇ ਮੂਲ-ਨਿਵਾਸੀ ਔਰਤਾਂ ਨੂੰ ਹਾਸ਼ੀਏ 'ਤੇ ਰੱਖਣ, ਗੱਲਬਾਤ ਕਰਨ ਲਈ ਸੇਧ ਦੇਣ ਅਤੇ ਹੱਲ ਕੱਢਣ ਲਈ ਸਿਫ਼ਾਰਿਸ਼ਾਂ ਕਰਨ ਲਈ ਏਜੰਸੀ ਦਿੱਤੀ ਗਈ ਹੈ। ਇਹਨਾਂ ਸਰਬਵਿਆਪੀ ਮੁੱਦਿਆਂ ਦਾ ਉਪਾਅ ਕਰਨ ਲਈ ਇੱਥੇ ਸਾਡਾ ਨਜ਼ਰੀਆ ਵਿਲੱਖਣ ਅਤੇ ਨਵੇਕਲਾ ਜਵਾਬ ਹੈ, ਜੋ ਦੁਨਿਆਵੀ ਵਿਚਾਰਾਂ 'ਤੇ ਉਸਰਿਆ ਹੋਇਆ ਹੈ।"*

Leslie Bonshor | ਮੂਲ-ਨਿਵਾਸੀਆਂ ਦੀ ਸਿਹਤ ਬਾਰੇ ਵਾਈਜ਼ ਪ੍ਰੈਜ਼ੀਡੈਂਟ

ਵੀ ਸੀ ਐਚ (VCH) ਨੇ ਮੂਲ-ਨਿਵਾਸੀ ਔਰਤਾਂ ਅਤੇ ਪਰਿਵਾਰਕ ਸਿਹਤ ਟੀਮ (Indigenous Women and Family Health team) ਬਣਾਈ ਹੈ ਅਤੇ ਇਹ ਯਕੀਨੀ ਬਣਾਉਣ ਲਈ ਉਹ ਸਮੁੱਚੀ ਸਿਹਤ ਅਥਾਰਿਟੀ ਨਾਲ ਮਿਲਕੇ ਕੰਮ ਕਰਦੀ ਹੈ ਕਿ ਮੂਲ-ਨਿਵਾਸੀਆਂ ਦਾ ਗਿਆਨ ਅਤੇ ਮੁਹਾਰਤਾਂ ਸਾਰੀਆਂ ਮੂਲ-ਨਿਵਾਸੀ ਔਰਤਾਂ ਦੇ ਅਤੇ ਪਰਿਵਾਰ ਸਬੰਧੀ ਮਾਮਲਿਆਂ ਵਿੱਚ ਰਚੀਆਂ-ਵਸੀਆਂ ਹਨ, ਇਸ ਵਿੱਚ ਲਿੰਗ-ਬਰਾਬਰੀ ਅਤੇ ਸ਼ਮੂਲੀਅਤ, ਕਾਮ-ਵਾਸਨਾ, ਲਿੰਗ, ਕੰਮ ਅਤੇ ਪ੍ਰਜਨਨ ਸਬੰਧੀ ਮਨੁੱਖੀ ਹੱਕ, ਜਣੇਪੇ ਤੋਂ ਪਹਿਲਾਂ ਸਿਹਤ, ਛੋਟੇ ਬੱਚਿਆਂ ਅਤੇ ਬੱਚਿਆਂ ਦੀ ਸਿਹਤ ਅਤੇ ਸਿਹਤ-ਸੰਭਾਲ ਵਿੱਚ ਹਿੰਸਾ-ਵਿਰੋਧੀ ਅਤੇ ਨਸਲਪ੍ਰਸਤੀ-ਵਿਰੋਧੀ ਰਵੱਈਆ ਸ਼ਾਮਿਲ ਹੁੰਦਾ ਹੈ।

ਇਸ ਕੰਮ ਨੂੰ ਇਹਨਾਂ ਰਾਹੀਂ ਸੇਧ ਮਿਲਦੀ ਹੈ:

- **ਇਨ ਪਲੇਨ ਸਾਈਟ (In Plain Sight)** ਦੀ ਰਿਪੋਰਟ ਦੀਆਂ ਸਿਫ਼ਾਰਿਸ਼ਾਂ
- **ਸੇਵਾਵਾਂ ਵਿੱਚ ਸਭਿਆਚਾਰਕ ਸੁਰੱਖਿਆ ਅਤੇ ਨਿਮਰਤਾ ਬਾਰੇ ਵਾਅਦੇ ਦਾ ਐਲਾਨਨਾਮਾ (Declaration of Commitment on Cultural Safety and Humility in Health Services)**
- **ਮੂਲ-ਨਿਵਾਸੀ ਲੋਕਾਂ ਦੇ ਹੱਕਾਂ ਬਾਰੇ ਸੰਯੁਕਤ ਰਾਸ਼ਟਰ ਦਾ ਐਲਾਨਨਾਮਾ (United Nations Declaration on the Rights of Indigenous Peoples)**
- **ਕੈਨੇਡਾ ਦਾ ਸੱਚ ਅਤੇ ਮੇਲ-ਮਿਲਾਪ ਬਾਰੇ ਕਮਿਸ਼ਨ (Truth & Reconciliation Commission of Canada)**



# ਸ਼ਾਮਿਲ ਹੋਵੋ

ਹਸਪਤਾਲ ਦੀ ਨੀਂਹ ਪਾਉਣ ਲਈ ਦਾਨ ਕਰਕੇ ਵੀ ਸੀ ਐਚ (VCH) ਹਸਪਤਾਲਾਂ ਦੇ ਅਹਿਮ ਕਾਰਜਾਂ ਵਿੱਚ ਯੋਗਦਾਨ ਪਾਉਣ ਨਾਲ ਜ਼ੋਰਦਾਰ ਅਸਰ ਪੈਂਦਾ ਹੈ। ਤੁਸੀਂ ਛੇ ਨੀਹਾਂ ਵਿੱਚ ਇੱਕ ਲਈ ਮਦਦ ਕਰਕੇ ਨਵੇਕਲੀ ਅਤੇ ਟਿਕਾਊ ਸਿਹਤ-ਸੰਭਾਲ ਚਲਾਉਣ ਵਿੱਚ ਮਦਦ ਕਰ ਸਕਦੇ ਹੋ।

**ਸਾਡੇ ਨਾਲ ਸ਼ਾਮਿਲ ਹੋਵੋ। ਸਾਰਿਆਂ ਨੂੰ ਅਸਾਧਾਰਣ ਸੰਭਾਲ ਮੁਹੱਈਆ ਕਰਨ ਲਈ ਸਾਡੀ ਮਦਦ ਕਰੋ।**

ਦਾਨ ਕਰਨਾ